# ਪੰਜਾਬ
# ਦੀਆਂ
# ਖ਼ਬਰਾਂ

## ਅਨੰਦਪੁਰ ਮਤੇ ਸਬੰਧੀ ਬਾਦਲ ਭਾਜਪਾ ਦੀ ਘੁਰਕੀ ਤੋਂ ਡਰੇ-ਅਕਾਲੀ ਦਲ ਪੰਚ ਪ੍ਰਧਾਨੀ

ਲੁਧਿਆਣਾ - ਪਿਛਲੇ ਦਿਨੀਂ ਬਾਦਲਾਂ ਵਲੋਂ ਅਨੰਦਪੁਰ ਮਤੇ ਦੀ ਖੁੱਲ੍ਹਆਮ ਵਕਾਲਤ ਕੀਤੀ ਗਈ ਤੇ ਪਾਰਟੀ ਵਲੋਂ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਮਤੇ ਨੂੰ ਐੱਨ.ਡੀ.ਏ ਦੇ ਚੋਣ ਮਨੋਰਥ ਪੱਤਰ ਵਿੱਚ ਸ਼ਾਮਲ ਕਰਾਉਣ ਦੀਆਂ ਗੱਲਾਂ ਕੀਤੀਆਂ ਗਈਆਂ ਤਾਂ ਜੋ ਸਿੱਖਾਂ ਵਿੱਚ ਡਿੱਗਦੇ ਆਪਣੇ ਗ੍ਰਾਫ ਨੂੰ ਬਚਾਇਆ ਜਾ ਸਕੇ ਪਰ ਅਨੰਦਪੁਰ ਮਤੇ ਦੀ ਕੱਟੜ ਵਿਰੋਧੀ ਭਾਜਪਾ ਵਲੋਂ ਜਿਸ ਦਿਨ ਦੋਹਾਂ ਬਾਦਲਾਂ ਨੂੰ ਸਰਕਾਰ ਤੋਂ ਸਮਰਥਨ ਵਾਪਸ ਲੈਣ ਦੀ ਘੁਰਕੀ ਮਾਰੀ ਗਈ ਤਾਂ ਦੋਵੇਂ ਬਾਦਲ ਮਤੇ ਸਬੰਧੀ ਲੱਲੇ-ਭੱਭੇ ਕਰਨ ਲੱਗ ਪਏ ਤੇ ਹੁਣ ਗੱਲ ਕੇਵਲ ਵਿੱਤੀ ਅਧਿਕਾਰਾਂ ਤੱਕ ਸੀਮਤ ਰਹਿ ਗਈ ਹੈ ਪਰ ਅਸਲ ਗੱਲ ਇਹ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਲਾਗੂ ਹੋਣ ਨਾਲ ਹੀ ਭਾਰਤ ਵਿਚਲੀਆਂ ਸਾਰੀਆਂ ਘੱਟਗਿਣਤੀਆਂ ਤੇ ਸੰਘਰਸ਼ਸ਼ੀਲ ਧਿਰਾਂ ਨੂੰ ਸੁੱਖ ਦਾ ਸਾਹ ਆ ਸਕਦਾ ਹੈ ਕਿਉਂਕਿ ਅਨੰਦਪੁਰ ਸਾਹਿਬ ਦਾ ਮਤਾ ਭਾਰਤ ਨੂੰ ਸਹੀ ਫੈਡਰਲ ਰੂਪ ਦੇਣ ਵਿਚ ਸਹਾਈ ਸਿੱਧ ਹੋ ਸਕਦਾ ਹੈ।" ਇਹਨਾਂ ਵਿਚਾਰਾਂ ਦਾ ਇਜ਼ਹਾਰ ਅਕਾਲੀ ਦਲ ਪੰਚ ਪ੍ਰਧਾਨੀ ਦੇ ਚੇਅਰਮੈਨ ਭਾਈ ਦਲਜੀਤ ਸਿੰਘ ਤੇ ਕੌਮੀ ਪੰਚ ਭਾਈ ਹਰਪਾਲ ਸਿੰਘ ਚੀਮਾ ਨੇ ਕੀਤਾ।

ਆਗੂਆਂ ਨੇ ਕਿਹਾ ਕਿ ਅਨੰਦਪੁਰ ਦਾ ਮਤਾ ਅਕਾਲੀ ਦਲ ਵਲੋਂ ਅਪਣਾਇਆ ਗਿਆ ਮਤਾ ਹੈ ਅਤੇ ਇਸ ਵਿੱਚ ਸਮੁੱਚੇ ਭਾਰਤੀਆਂ ਦੀ ਭਲਾਈ ਦਾ ਨੁਸਖਾ ਹੈ ਪਰ ਕਾਂਗਰਸ-ਭਾਜਪਾ ਜੋ ਕਿ ਬਿਪਰਵਾਦ ਦੀਆਂ ਸਮਰਥਕ ਪਾਰਟੀਆਂ ਹਨ ਨੇ ਸਦਾ ਹੀ ਇਸ ਪਵਿੱਤਰ ਦਸਤਾਵੇਜ਼ ਦੀ ਵਿਰੋਧਤਾ ਕੀਤੀ ਹੈ ਅਤੇ ਉਹਨਾਂ ਦੀਆਂ ਨੀਤੀਆਂ ਤਹਿਤ ਹੀ ਬਾਦਲਾਂ ਵਲੋਂ ਵੀ ਅਨੰਦਪੁਰ ਸਾਹਿਬ ਮਤੇ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ ਹੈ ਅਸਲ ਗੱਲ ਹੈ ਕਿ ਇਸਦੀ ਵਿਰੋਧਤਾ ਕਰਨ ਵਾਲਿਆਂ ਨੇ ਕਦੇ ਅਨੰਦਪੁਰ ਸਾਹਿਬ ਦਾ ਮਤਾ ਪੜ੍ਹਿਆ ਹੀ ਨਹੀਂ ਹੈ।

ਉਹਨਾਂ ਕਿਹਾ ਕਿ ਬਾਦਲ ਨੇ ਅਕਾਲੀ ਪਾਰਟੀ ਦੇ ਸਿਧਾਂਤ, ਨੀਤੀਆਂ ਤੇ ਪ੍ਰੋਗਰਾਮਾਂ ਨੂੰ ਤਿਲਾਂਜਲੀ ਦੇ ਕੇ ਕੇਵਲ ਪਰਿਵਾਰਵਾਦ ਨੂੰ ਹੀ ਵਧਾਇਆ ਹੈ ਅਤੇ ਅੱਜ ਭਾਵੇਂ ਕਹਿਣ ਨੂੰ ਬਾਦਲ ਦੀ ਅਕਾਲੀ ਸਰਕਾਰ ਪੰਜਾਬ ਵਿੱਚ ਹੈ ਪਰ ਉਸਦੀ ਹਾਲਤ ਏਨੀ ਮਾੜੀ ਹੈ ਕਿ ਉਹ ਅਕਾਲੀ ਦਲ ਦੇ ਪ੍ਰੋਗਰਾਮ ਅਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕਰਨ ਤੋਂ ਵੀ ਕੰਨੀ ਕਤਰਾਉਂਦੇ ਹਨ ਜਦ ਕਿ ਅਕਾਲੀ ਦਲ ਵਲੋਂ ਇਸ ਮਤੇ ਦੀ ਪ੍ਰਾਪਤੀ ਲਈ ਏਡਾ ਵੱਡਾ ਮੋਰਚਾ ਲਗਾਇਆ ਗਿਆ ਸੀ ਅਤੇ ਬਾਦਲ ਆਰ.ਐੱਸ.ਐੱਸ ਦੀਆਂ ਨੀਤੀਆਂ ਤਹਿਤ ਸਿੱਖਾਂ ਨੂੰ ਭਾਰਤ ਦੀ ਖੜਗ ਭੁਜਾ ਕਹਿ ਰਿਹਾ ਹੈ।

## ਲੋਹੇ-ਲਾਖੇ ਹੋਏ ਤਲਵੰਡੀ ਨੇ ਬਾਦਲ ਨੂੰ ਸਟੇਜ ਤੋਂ ਹੀ ਸੁਣਾਈਆਂ ਖਰੀਆਂ-ਖਰੀਆਂ

ਰਾਏਕੋਟ- ਪਾਰਲੀਮਾਨੀ ਚੋਣਾਂ ਤੋਂ ਐਨ ਪਹਿਲਾਂ ਅਕਾਲੀ ਰਾਜਨੀਤੀ ਵਿੱਚ ਉਸ ਵੇਲੇ ਭੂਚਾਲ ਆ ਗਿਆ ਜਦੋਂ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਰਾਏਕੋਟ ਦੀ ਅਨਾਜ ਮੰਡੀ ਵਿੱਚ ਪੁੱਜੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲੋਹ -ਪੁਰਸ਼ ਵਜੋਂ ਜਾਣੇ ਜਾਂਦੇ ਬਜ਼ੁਰਗ ਆਗੂ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਸਟੇਜ ਤੋਂ ਹੀ ਖਰੀਆਂ-ਖਰੀਆਂ ਸੁਣਾਈਆਂ ਅਤੇ ਆਪਣੇ ਵੱਡੇ ਪੁੱਤਰ ਰਣਜੀਤ ਸਿੰਘ ਤਲਵੰਡੀ ਨੂੰ ਚੇਅਰਮੈਨੀਆਂ ਵੰਡਣ ਵੇਲੇ ਨਜ਼ਰ-ਅੰਦਾਜ਼ ਕਰਨ 'ਤੇ ਵੀ ਤਿੱਖਾ ਰੋਸ ਪ੍ਰਗਟ ਕੀਤਾ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਨੂੰ ਆਖਿਆ ਕਿ ਜੇਕਰ ਤੁਸੀਂ ਆਪਣੀਆਂ ਹੀ ਪੂਣੀਆਂ ਕੱਤਣੀਆਂ ਹਨ ਤਾਂ ਬਾਕੀ ਪੰਜਾਬ ਦਾ ਕੀ ਬਣੂੰ ? ਗੁੱਸੇ ਨਾਲ ਭਰੇ ਪੀਤੇ ਬਜ਼ੁਰਗ ਜਥੇਦਾਰ ਨੇ ਕਿਹਾ ਕਿ ਆਪਣਾ ਹਲਕਾ ਲੰਬੀ ਤਾਂ ਤੁਸੀਂ ਬਠਿੰਡੇ ਨਾਲ ਜੋੜ ਲਿਆ ਅਤੇ ਰਾਏਕੋਟ ਨੂੰ ਪਹਿਲਾਂ ਸੰਗਰੂਰ ਨਾਲ ਫਾਹੇ ਲਾਈ ਰੱਖਿਆ ਹੁਣ ਫਤਿਹਗੜ੍ਹ ਸਾਹਿਬ ਨਾਲ ਨਰੜ ਦਿੱਤਾ ਹੈ। ਉਨ੍ਹਾਂ ਵਿਧਾਨ ਸਭਾ ਹਲਕਾ ਰਿਜ਼ਰਵ ਕਰਨ ਉਪਰ ਵੀ ਬਾਦਲ ਨੂੰ ਤਾਅਨਾ ਦਿੱਤਾ।

ਆਪਣੀ ਖਰਵੀ ਜ਼ੁਬਾਨ ਲਈ ਜਾਣੇ ਜਾਂਦੇ ਬਜ਼ੁਰਗ ਆਗੂ ਤਲਵੰਡੀ ਨੇ ਇਹ ਵੀ ਕਿਹਾ ਕਿ ਆਪਾਂ ਦੋਵੇਂ ਤਿੰਨ ਪੀੜ੍ਹੀਆਂ ਤੋਂ ਇਕੱਠੇ ਤੁਰੇ ਆ ਰਹੇ ਹਾਂ ਪਰ ਬੁਢਾਪੇ ਵੇਲੇ ਤੁਸੀਂ ਮੈਨੂੰ ਰੋਲ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੈਂ ਜਵਾਨੀ ਅਤੇ ਬੁਢਾਪਾ ਪਾਰਟੀ ਅਤੇ ਪੰਥ ਦੇ ਲੇਖੇ ਲਾਇਆ ਹੈ ਅਤੇ ਅੱਜ ਵੀ ਲੱਤਾਂ ਘੜੀਸਦਾ ਇੱਥੇ ਪੁੱਜਾ ਹਾਂ ਪਰ ਹੁਣ ਤਾਂ ਚੇਅਰਮੈਨੀਆਂ ਵੀ ਸਾਰੀਆਂ ਮੁੱਕ ਗਈਆਂ ਹੋਣਗੀਆਂ। ਪਰ ਤਲਵੰਡੀ ਨੇ ਇਹ ਵੀ ਕਿਹਾ ਕਿ ਉਹ ਮਰਿਆ ਪਿਆ ਵੀ ਲਲਕਾਰੇ ਮਾਰੂਗਾ ਕਿਉਂਕਿ ਉਸ ਨੇ ਕਿਸੇ ਦੇ ਕੰਮ ਬਦਲੇ ਕਦੇ ਪਾਣੀ ਨਹੀਂ ਪੀਤਾ। ਉਨ੍ਹਾਂ ਰਾਏਕੋਟ ਹਲਕੇ ਵੱਲ ਹੁਣ ਤੱਕ ਪਿੱਠ ਕਰੀ ਬੈਠੇ ਮੁੱਖ ਮੰਤਰੀ ਕੋਲ ਦੋ ਸਾਲ ਬਾਅਦ ਬਹੁੜਨ ਦਾ ਵੀ ਰੋਸ ਕੀਤਾ ਹੈ। ਘਾਗ ਸਿਆਸਤਦਾਨ ਵਜੋਂ ਜਾਣੇ ਜਾਂਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਜ਼ੁਰਗ ਜਥੇਦਾਰ ਦੇ ਗਿਲੇ ਸ਼ਿਕਵੇ ਬਾਰੇ ਇੰਨਾ ਆਖ ਕੇ ਹੀ ਕੰਮ ਸਾਰ ਦਿੱਤਾ ਕਿ ਉਨ੍ਹਾਂ ਦਾ ਗਿਲਾ ਸ਼ਿਕਵਾ ਵੀ ਮੇਰੇ ਲਈ ਅਸ਼ੀਰਵਾਦ ਦੇ ਬਰਾਬਰ ਹੈ। ਉਨ੍ਹਾਂ ਆਪਣੇ ਰਿਵਾਇਤੀ ਅੰਦਾਜ਼ ਵਿੱਚ ਬੇਰੁਜ਼ਗਾਰੀ, ਮਹਿੰਗਾਈ, ਗਰੀਬੀ ਅਤੇ ਹੋਰ ਸਭ ਲਾਹਣਤਾਂ ਲਈ ਕਾਂਗਰਸ ਨੂੰ ਹੀ ਦੋਸ਼ੀ ਠਹਿਰਾਉਂਦਿਆਂ ਪਾਰਲੀਮੈਂਟ ਚੋਣਾਂ ਦੌਰਾਨ ਅਕਾਲੀ ਭਾਜਪਾ ਗੱਠਜੋੜ ਲਈ ਵੋਟਾਂ ਦੀ ਅਪੀਲ ਕੀਤੀ।

## ਸਾਕਾ ਨੀਲਾ ਤਾਰਾ ਦੀ 25ਵੀਂ ਵਰ੍ਹੇਗੰਢ ਦੇ ਸਮਾਗਮ 21 ਤੋਂ

ਅੰਮ੍ਰਿਤਸਰ- ਸਾਕਾ ਨੀਲਾ ਤਾਰਾ ਦੀ 25ਵੀਂ ਵਰ੍ਹੇਗੰਢ ਨੂੰ ਸਮੁੱਚੇ ਪੰਥ ਵਲੋਂ ਇੱਕਜੁੱਟ ਹੋ ਕੇ ਵੱਡੇ ਪੱਧਰ 'ਤੇ ਮਨਾਉਣ ਲਈ ਖਾਲਸਾ ਐਕਸ਼ਨ ਕਮੇਟੀ ਵਲੋਂ ਆਰੰਭੇ ਉਪਰਾਲੇ ਤਹਿਤ ਪੰਥਕ ਜਥੇਬੰਦੀਆਂ ਦੀ ਹੋਈ ਇਕੱਤਰਤਾ ਵਿੱਚ ਇਸ ਵਰ੍ਹੇਗੰਢ ਦੇ ਪ੍ਰੋਗਰਾਮ 21 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਨਾਲ ਆਰੰਭ ਕਰਨ ਦਾ ਫੈਸਲਾ ਕੀਤਾ ਗਿਆ। ਇਕੱਤਰਤਾ ਉਪਰੰਤ ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਨੇ ਐਲਾਨ ਕੀਤਾ ਕਿ ਸਾਕਾ ਨੀਲਾ ਤਾਰਾ ਦੀ 25ਵੀਂ ਵਰ੍ਹੇਗੰਢ ਦੇ ਪ੍ਰੋਗਰਾਮ ਨਨਕਾਣਾ ਸਾਹਿਬ ਸ਼ਹੀਦੀ ਸਾਕੇ ਵਾਲੇ ਦਿਨ 21 ਫਰਵਰੀ ਨੂੰ ਆਰੰਭ ਹੋਣਗੇ। ਇਸ ਸਬੰਧ ਵਿੱਚ 19 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਏਗੀ ਅਤੇ 21 ਫਰਵਰੀ ਨੂੰ ਭੋਗ ਪਾਏ ਜਾਣਗੇ।

ਇਸ ਮੌਕੇ ਸਮੂਹ ਸਿੱਖ ਜਥੇਬੰਦੀਆਂ ਦੀ ਇਕੱਤਰਤਾ ਵਿੱਚ ਵਰ੍ਹੇਗੰਢ ਦੇ ਬਾਕੀ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਏਗਾ। ਇਕੱਤਰਤਾ ਵਿੱਚ ਸ. ਕੰਵਰਪਾਲ ਸਿੰਘ (ਦਲ ਖਾਲਸਾ), ਭਾਈ ਦਲਜੀਤ ਸਿੰਘ ਬਿੱਟੂ, ਅਤੇ ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਦੀ ਸਾਂਝੀ ਅਗਵਾਈ ਹੇਠ ਹੋਈ। ਇਸ ਇਕੱਤਰਤਾ ਦੀ ਸਮਾਪਤੀ ਵੇਲੇ ਉਸ ਸਮੇਂ ਕੁਝ ਵਖਰੇਵੇਂ ਵੀ ਨਜ਼ਰ ਆਏ ਜਦੋਂ ਜਥੇਬੰਦੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਵਲੋਂ ਪ੍ਰੋਗਰਾਮ ਉਲੀਕੇ ਹੋਣ ਦੇ ਬਾਵਜੂਦ ਭਾਈ ਦਲਜੀਤ ਸਿੰਘ ਬਿੱਟੂ ਦੀਆਂ ਭਾਵਨਾਵਾਂ ਮੁਤਾਬਿਕ ਇਹ ਪ੍ਰੋਗਰਾਮਾਂ ਦਾ ਖੁਲਾਸਾ ਅਗਾਂਹ ਮੀਟਿੰਗ ਵਿੱਚ ਕਰਨ ਦਾ ਸੁਝਾਅ ਪੇਸ਼ ਕੀਤਾ ਗਿਆ। ਲੇਕਿਨ ਇਕੱਤਰਤਾ ਵਿੱਚ ਸਵੇਰ ਤੋਂ ਆ ਕੇ ਬੈਠੇ ਕੁਝ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਇਸਦਾ ਵਿਰੋਧ ਕੀਤਾ ਅਤੇ ਕਿਹਾ ਕਿ ਅੱਜ ਦੀ ਇਸ ਇਕੱਤਰਤਾ ਦਾ ਕੁਝ ਸਿੱਟਾ ਜ਼ਰੂਰ ਕੱਢਣਾ ਚਾਹੀਦਾ ਹੈ। ਉਨ੍ਹਾਂ ਦੀ ਮੰਗ ਮੁਤਾਬਕ ਮੁੜ ਭਾਈ ਮੋਹਕਮ ਸਿੰਘ ਨੇ ਉਕਤ ਪ੍ਰੋਗਰਾਮਾਂ ਦਾ ਐਲਾਨ ਕੀਤਾ।

ਅਖੰਡ ਕੀਰਤਨੀ ਜਥਾ ਇੰਟਰਨੈਸ਼ਨਨ ਦੇ ਮੁਖੀ ਗਿਆਨੀ ਬਲਦੇਵ ਸਿੰਘ ਨੇ ਆਖਿਆ ਕਿ ਇਹ ਵਰ੍ਹੇਗੰਢ ਪੂਰੇ ਪੰਥਕ ਜਜ਼ਬੇ ਨਾਲ ਅਤੇ ਇੱਕਜੁੱਟ ਹੋ ਕੇ ਮਨਾਉਣੀ ਚਾਹੀਦੀ ਹੈ। ਇਕੱਤਰਤਾ ਦੌਰਾਨ ਬੁਲਾਰਿਆਂ ਨੇ ਸ਼੍ਰੋਮਣੀ ਕਮੇਟੀ ਵਲੋਂ ਐਲਾਨ ਕਰਨ ਦੇ ਬਾਵਜੂਦ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦਗਾਰ ਨਾ ਉਸਾਰਨ ਦੀ ਆਲੋਚਨਾ ਕੀਤੀ। ਮੰਚ ਸੰਚਾਲਨ ਭਾਈ ਕੰਵਰਪਾਲ ਸਿੰਘ ਨੇ ਕੀਤਾ। ਇਸ ਮੌਕੇ ਹੋਰ ਅਹਿਮ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

## ਚੋਣਾਂ ਪਿੱਛੋਂ 6 ਮਹੀਨਿਆਂ 'ਚ ਅਕਾਲੀ-ਭਾਜਪਾ ਸਰਕਾਰ ਢਾਹ ਲਵਾਂਗੇ-ਕੈਪਟਨ

ਅੰਮ੍ਰਿਤਸਰ- ਕਾਂਗਰਸ ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦਾ ਸਮਾਂ ਕੁਝ ਹੋਰ ਮਹੀਨੇ ਦੱਸਦਿਆਂ ਦਾਅਵਾ ਕੀਤਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਸੂਬੇ ਦੀਆਂ 13 ਸੀਟਾਂ 'ਤੇ ਜਿੱਤ ਹਾਸਲ ਕਰਕੇ ਅਤੇ ਕੇਂਦਰ ਵਿੱਚ ਮੁੜ ਕਾਂਗਰਸ ਦੀ ਸਰਕਾਰ ਸਥਾਪਿਤ ਹੋਣ ਉਪਰੰਤ 6 ਮਹੀਨੇ ਤੱਕ ਪੰਜਾਬ ਵਿੱਚ ਸੱਤਾ ਤਬਦੀਲ ਹੋ ਜਾਏਗੀ। ਅੰਮ੍ਰਿਤਸਰ ਸੰਸਦੀ ਹਲਕੇ ਤੋਂ ਕਾਂਗਰਸ ਦੀ ਟਿਕਟ ਲਈ ਵੱਡੇ ਦਾਅਵੇਦਾਰ ਵਿਧਾਇਕ ਸ੍ਰੀ ਓ. ਪੀ. ਸੋਨੀ ਵੱਲੋਂ ਸਥਾਨਕ ਪੁਤਲੀਘਰ ਖੇਤਰ ਵਿੱਚ ਕਰਵਾਈ ਗਈ ਪ੍ਰਭਾਵਸ਼ਾਲੀ ਰੈਲੀ ਨੂੰ ਸੰਬੋਧਨ ਕਰਨ ਲਈ ਇਥੇ ਕਾਂਗਰਸ ਦੇ ਤਿੰਨੋਂ ਸੂਬਾਈ ਆਗੂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸ੍ਰੀ ਮਹਿੰਦਰ ਸਿੰਘ ਕੇ. ਪੀ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਪੁੱਜ ਕੇ ਆਪਸੀ ਏਕਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਮੁੜ ਕਾਂਗਰਸ ਸਰਕਾਰ ਦੇ ਸਥਾਪਿਤ ਹੋਣ ਉਪਰੰਤ 6 ਮਹੀਨਿਆਂ ਵਿੱਚ ਹੀ ਪੰਜਾਬ ਵਿਚਲੀ ਅਕਾਲੀ-ਭਾਜਪਾ ਸਰਕਾਰ ਨੂੰ ਢਾਹ ਲੈਣਗੇ ਅਤੇ ਸੂਬੇ ਵਿੱਚ ਵੀ ਮੁੜ ਕਾਂਗਰਸ ਸਰਕਾਰ ਸਥਾਪਤ ਹੋਏਗੀ।

## **ਡੇਰਾ ਪ੍ਰੇਮੀਆਂ ਤੇ ਸਿੱਖਾਂ ਵਿਚਾਲੇ ਝੜਪ ਦੌਰਾਨ ਇੱਕ ਸਿੱਖ ਜ਼ਖ਼ਮੀ**

ਰਾਮਪੁਰਾ ਫੂਲ- ਨੇੜਲੇ ਪਿੰਡ ਧਿੰਗੜ ਵਿਖੇ ਡੇਰਾ ਪ੍ਰੇਮੀਆਂ ਅਤੇ ਸਿੱਖ ਸੰਗਤਾਂ ਵਿੱਚ ਤਿੱਖੀਆਂ ਝੜਪਾਂ ਹੋਈਆਂ। ਝੜਪਾਂ ਦੌਰਾਨ ਪ੍ਰੇਮੀਆਂ ਵੱਲੋਂ ਕੋਠੇ ਉੱਪਰ ਚੜ੍ਹ ਕੇ ਸਿੱਖ ਸੰਗਤ ਉੱਪਰ ਇੱਟਾਂ-ਵੱਟੇ ਚਲਾਏ ਗਏ ਜਿਸ ਕਾਰਨ ਇੱਕ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਜਿਸ ਨੂੰ ਸਥਾਨਕ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸ. ਪੀ. (ਡੀ.) ਅਜੇ ਮਲੂਜਾ, ਐਸ. ਡੀ. ਐਮ. ਉਮਾ ਸ਼ੰਕਰ ਗੁਪਤਾ, ਡੀ. ਐਸ. ਪੀ. ਰੁਪਿੰਦਰ ਭਾਰਦਵਾਜ, ਥਾਣਾ ਮੁਖੀ ਹੇਮੰਤ ਸ਼ਰਮਾ ਭਾਰੀ ਪੁਲਿਸ ਫੋਰਸ ਨਾਲ ਮੌਕੇ 'ਤੇ ਪਹੁੰਚ ਗਏ ਅਤੇ ਹਾਲਾਤ 'ਤੇ ਕਾਬੂ ਪਾਇਆ। ਘਟਨਾ ਉਪਰੰਤ ਸਥਾਨਕ ਸਿਵਲ ਹਸਪਤਾਲ ਵਿੱਚ ਸੰਤ ਹਰਦੀਪ ਸਿੰਘ ਅਤੇ ਮੈਨੇਜਰ ਚਰਨ ਸਿੰਘ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਜਿਸ ਦੇ ਮੱਦੇਨਜ਼ਰ ਐਸ. ਪੀ. ਨੇ ਪੂਰਾ ਰਾਮਪੁਰਾ ਇਲਾਕਾ ਸੀਲ ਕਰਨ ਦੇ ਹੁਕਮ ਦੇ ਦਿੱਤੇ।

ਸਿੱਖ ਸੰਗਤ ਦਾਅਵਾ ਕਰ ਰਹੀ ਸੀ ਕਿ ਪ੍ਰੇਮੀ ਨਾਮ ਚਰਚਾ ਕਰ ਰਹੇ ਸਨ ਜਦਕਿ ਪ੍ਰੇਮੀ ਅਤੇ ਪ੍ਰਸ਼ਾਸਨ ਇਸ ਦੇ ਉਲਟ ਇਹ ਕਹਿ ਰਹੇ ਸਨ ਕਿ ਘਰ ਦੀ ਲੜਕੀ ਨੂੰ ਜਣੇਪੇ ਲਈ ਹਸਪਤਾਲ ਲੈ ਕੇ ਜਾਣਾ ਸੀ ਇਸ ਲਈ ਪਰਿਵਾਰਕ ਮੈਂਬਰ ਘਰ ਅੰਦਰ ਇੱਕਠੇ ਹੋਏ ਸਨ। ਇਸ ਘਟਨਾ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਗੰਭੀਰਤਾ ਨਾਲ ਲੈਂਦਿਆਂ ਸਿਆਸੀ ਪਾਰਟੀਆਂ ਨੂੰ ਤਾੜਨਾ ਕੀਤੀ ਹੈ ਕਿ ਉਹ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਅੰਦਾਜ਼ੀ ਤੇ ਵੋਟ ਰਾਜਨੀਤੀ ਤੋਂ ਬਾਜ ਆਉਣ। ਉਨ੍ਹਾਂ ਸਮੁੱਚੀਆਂ ਪੰਥਕ ਜਥੇਬੰਦੀਆਂ ਦੀ ਇੱਕ ਹੰਗਾਮੀ ਮੀਟਿੰਗ 5 ਮਾਰਚ ਨੂੰ ਤਖ਼ਤ ਦਮਦਮਾ ਸਾਹਿਬ ਵਿਖੇ ਬੁਲਾਈ ਹੈ ਜਿਸ ਵਿੱਚ ਡੇਰਾ ਸਿਰਸਾ ਖ਼ਿਲਾਫ਼ ਲੜੇ ਜਾਣ ਵਾਲੇ ਸੰਘਰਸ਼ ਲਈ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ। ਸਿੱਖ ਸੰਗਤਾਂ ਦੀ ਅਗਵਾਈ ਕਰ ਰਹੇ ਮੈਨੇਜਰ ਚਰਨ ਸਿੰਘ ਨੇ ਦੋਸ਼ ਲਾਇਆ ਕਿ ਪਿੰਡ ਧਿੰਗੜ ਵਿਖੇ ਟਹਿਲ ਸਿੰਘ ਪੁੱਤਰ ਬਚਨ ਸਿੰਘ ਦੇ ਘਰ ਵਿਖੇ ਨਾਮ ਚਰਚਾ ਹੋ ਰਹੀ ਸੀ। ਉਨ੍ਹਾਂ ਦੱਸਿਆ ਕਿ ਨਾਮ ਚਰਚਾ ਦੀ ਭਿਣਕ ਪਿੰਡ ਦੀ ਸਿੱਖ ਸੰਗਤ ਨੂੰ ਪਈ ਤਾਂ ਉਨ੍ਹਾਂ ਪ੍ਰੇਮੀਆਂ ਦੇ ਘਰ ਜਾ ਕੇ ਨਾਮ ਚਰਚਾ ਰੁਕਵਾਉਣ ਦਾ ਉਪਰਾਲਾ ਕੀਤਾ ਅਤੇ ਇਸ ਦੀ ਸੂਚਨਾ ਸਿੱਖ ਜਥੇਬੰਦੀਆਂ ਨੂੰ ਦਿੱਤੀ ਜਿਸ ’ਤੇ ਸਿੱਖ ਆਗੂ ਗੁਰਸੇਵਕ ਸਿੰਘ, ਰਾਮ ਸਿੰਘ ਢਿਪਾਲੀ, ਗੁਰਮੇਲ ਸਿੰਘ ਫੂਲ, ਗ੍ਰੰਥੀ ਸਭਾ ਦੇ ਪ੍ਰਧਾਨ ਭਗਵਾਨ ਸਿੰਘ ਆਦਿ ਧਿੰਗੜ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਪੁਲਿਸ ਪਹਿਲਾਂ ਹੀ ਮੌਕੇ ’ਤੇ ਹਾਜ਼ਰ ਸੀ। ਸਿੱਖ ਆਗੂ ਪੁਲਿਸ ਨਾਲ ਗੱਲਬਾਤ ਕਰ ਰਹੇ ਸਨ। ਪੁਲਿਸ ਨੇ ਜਦ ਇਹ ਦਾਅਵਾ ਕੀਤਾ ਕਿ ਅੰਦਰ ਨਾਮ ਚਰਚਾ ਨਹੀਂ ਹੋ ਰਹੀ ਤਾਂ ਇਹ ਤੈਅ ਹੋਇਆ ਕਿ ਕੁਝ ਮੋਹਤਬਰਾਂ ਨੂੰ ਨਾਲ ਲੈ ਜਾ ਕੇ ਤਸੱਲੀ ਕਰਵਾਈ ਜਾਵੇ। ਉਨ੍ਹਾਂ ਦੋਸ਼ ਲਇਆ ਕਿ ਹਾਲੇ ਗੱਲ ਚੱਲ ਹੀ ਰਹੀ ਸੀ ਕਿ ਇੱਕ ਵਿਅਕਤੀ ਘਰ ਅੰਦਰੋਂ ਕਿਰਪਾਨ ਲਹਿਰਾਉਂਦਾ ਤੇ ਲਲਕਾਰੇ ਮਾਰਦਾ ਬਾਹਰ ਆਇਆ ਅਤੇ ਜਿਸ ਨੂੰ ਪੁਲਿਸ ਨੇ ਵਾਪਸ ਅੰਦਰ ਭੇਜ ਦਿੱਤਾ। ਉਹ ਵਿਅਕਤੀ ਅੰਦਰ ਜਾ ਕੇ ਘਰ ਦੇ ਕੋਠੇ ਉਪਰ ਚੜ੍ਹ ਗਿਆ ਅਤੇ ਉਸ ਨਾਲ ਹੋਰ ਵਿਅਕਤੀ ਵੀ ਚੜ੍ਹ ਗਏ ਤੇ ਇੱਟਾਂ-ਵੱਟੇ ਚਲਾ ਦਿੱਤੇ। ਇਸ ਹਮਲੇ ਵਿੱਚ ਇੱਕ ਸਿੱਖ ਸ਼ਰਧਾਲੂ ਧੰਨਾ ਸਿੰਘ ਪੁੱਤਰ ਮੁਕੰਦ ਸਿੰਘ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਿਆ। ਇਸੇ ਦੌਰਾਨ ਪੁਲਿਸ ਨੇ ਕੁਝ ਪ੍ਰੇਮੀਆਂ ਨੂੰ ਪੜਤਾਲ ਲਈ ਆਪਣੀ ਹਿਰਾਸਤ ਵਿੱਚ ਲਿਆ ਹੈ ਅਤੇ ਦੋਵਾਂ ਧਿਰਾਂ ਦੇ ਬਿਆਨ ਕਲਮਬੱਧ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਾਹੌਲ ਨੂੰ ਕਾਬੂ ਰੱਖਣ ਲਈ ਪੁਲਿਸ ਅਧਿਕਾਰੀਆਂ ਨੇ ਸਿੱਖ ਜਥੇਦਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਵੀ ਕੀਤੀ ਅਤੇ ਭਰੇ ਇੱਕਠ ਦੌਰਾਨ ਐਸ. ਪੀ. ਡੀ. ਅਜੇ ਮਾਲੂਜਾ ਨੇ ਵਿਸ਼ਵਾਸ ਦਿਵਾਇਆ ਕਿ ਅਮਨ ਤੇ ਕਾਨੂੰਨ ਦੀ ਹਾਲਤ ਨੂੰ ਹਰ ਹੀਲੇ ਕਾਇਮ ਰੱਖਿਆ ਜਾਵੇਗਾ।

## 6 ਸਾਲਾ ਬੱਚੀ ਨੇ ਮੌਤ ਤੋਂ ਪਹਿਲਾਂ ਬਚਾਈਆਂ ਦੋ ਜਾਨਾਂ ਤੇ ਦੋ ਨੂੰ ਦਿੱਤੀ ਅੱਖਾਂ ਦੀ ਰੌਸ਼ਨੀ

ਚੰਡੀਗੜ੍ਹ- ਰੋਪੜ ਦੇ ਜਸਵਿੰਦਰ ਸਿੰਘ ਵੱਲੋਂ ਬਿਲਕੁਲ ਮੌਕੇ ’ਤੇ ਲਏ ਫ਼ੈਸਲੇ ਨੇ ਗੁਰਦੇ ਫੇਲ੍ਹ ਹੋਣ ਕਾਰਨ ਮੌਤ ਦੇ ਮੂੰਹ ਵਿੱਚ ਬੈਠੇ 2 ਵਿਅਕਤੀਆਂ ਦੀ ਜਾਨ ਬਚਾ ਲਈ ਅਤੇ 2 ਅੰਨ੍ਹੇ ਵਿਅਕਤੀਆਂ ਨੂੰ ਅੱਖਾਂ ਦੀ ਰੌਸ਼ਨੀ ਦੇ ਦਿੱਤੀ। ਜਸਵਿੰਦਰ ਸਿੰਘ ਦੀ 6 ਸਾਲਾ ਹੱਸਦੀ ਖੇਡਦੀ ਬੱਚੀ ਅਰਪਿਤਾ ਦਸੰਬਰ 2008 ਵਿੱਚ ਉਲਟੀਆਂ ਅਤੇ ਉਨੀਂਦਰੇ ਤੋਂ ਪੀੜਤ ਹੋ ਗਈ। ਉਸ ਦੇ ਮਾਪੇ ਉਸ ਨੂੰ ਚੰਡੀਗੜ੍ਹ ਦੇ ਪੀ.ਜੀ.ਆਈ. ਹਸਪਤਾਲ ਲੈ ਆਏ। ਜਾਂਚ ਪੜਤਾਲ ਤੋਂ ਬਾਅਦ ਡਾਕਟਰਾਂ ਨੇ ਪਾਇਆ ਕਿ ਬੱਚੀ ਦੇ ਦਿਮਾਗ ਵਿੱਚ ਰਸੌਲੀ ਹੈ। ਰਸੌਲੀ ਇਸ ਤਰ੍ਹਾਂ ਦੀ ਸੀ ਕਿ ਕਿਸੇ ਵੀ ਤਰ੍ਹਾਂ ਇਸ ਦਾ ਇਲਾਜ ਸੰਭਵ ਨਹੀਂ ਸੀ। ਮਾਪਿਆਂ ਨੇ ਡਾਕਟਰਾਂ ਨੂੰ ਅਪਰੇਸ਼ਨ ਨਾਲ ਰਸੌਲੀ ਕੱਢ ਦੇਣ ਲਈ ਕਿਹਾ। ਮਾਪਿਆਂ ਦੇ ਕਹਿਣ ’ਤੇ ਮਾਹਿਰ ਡਾਕਟਰਾਂ ਨੇ ਹਰ ਯਤਨ ਕੀਤਾ। ਪਰ ਕੋਈ ਫਾਇਦਾ ਨਾ ਹੋਇਆ ਤੇ ਬੱਚੀ ਇੱਕ ਦਿਨ ਬਾਅਦ ਕੋਮਾ ਵਿੱਚ ਚਲੀ ਗਈ। ਉਸ ਨੂੰ ਵੈਂਟੀਲੇਟਰ (ਨਕਲੀ ਸਾਹ ਦੇਣ ਵਾਲੀ ਮਸ਼ੀਨ) ਲਾ ਦਿੱਤਾ ਗਿਆ। ਫਿਰ ਇੱਕ ਦਿਨ ਬੱਚੀ ਪੂਰੀ ਤਰ੍ਹਾਂ ਸੰਵੇਦਨਹੀਣ ਹੋ ਗਈ। ਡਾਕਟਰਾਂ ਨੇ ਨਿਰੀਖਣ ਤੋਂ ਪਾਇਆ ਕਿ ਉਸ ਦੇ ਦਿਮਾਗ ਨੂੰ ਖ਼ੂਨ ਦਾ ਦੌਰਾ ਬੰਦ ਹੋ ਗਿਆ ਹੈ ਅਤੇ ਉਸ ਦਾ ਦਿਮਾਗ ਜਲਦੀ ਹੀ ਕੰਮ ਕਰਨਾ ਬੰਦ ਕਰ ਦੇਵੇਗਾ। ਪਰ, ਉਸ ਦੇ ਦਿਲ ਦੀ ਧੜਕਣ ਅਜੇ ਵੀ ਜਾਰੀ ਸੀ । ਜਦੋਂ ਡਾਕਟਰਾਂ ਨੇ ਦੱਸਿਆ ਕਿ ਬੱਚੀ ਹੁਣ ਕਦੇ ਵੀ ਅੱਖਾਂ ਨਹੀਂ ਖੋਲ੍ਹੇਗੀ। ਕੁਝ ਸਮੇਂ ਬਾਅਦ ਡਾਕਟਰਾਂ ਨੇ ਮਾਪਿਆਂ ਨੂੰ ਅੰਗ ਦਾਨ ਦੀ ਸਲਾਹ ਦਿੱਤੀ। ਅੰਗਦਾਨ ਅਕਸਰ ਉਦੋਂ ਕੀਤੇ ਜਾ ਸਕਦੇ ਹਨ, ਜਦੋਂ ਦਿਮਾਗ ਦੀ ਮੌਤ ਹੋ ਗਈ ਹੋਵੇ। ਪਰ ਦਿਲ ਵੈਂਟੀਲੇਟਰ ਦੀ ਮੱਦਦ ਨਾਲ ਕੰਮ ਕਰ ਰਿਹਾ ਹੈ। ਬੱਚੀ ਦੀ ਮਾਂ ਨੇ ਡਾਕਟਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਡਾਕਟਰਾਂ ਦੀ ਅੰਗਦਾਨ ਦੀ ਪੇਸ਼ਕਸ਼ ਮਨਜ਼ੂਰ ਹੈ। ਮਾਪਿਆਂ ਨੇ ਕਿਹਾ ਕਿ ਉਨ੍ਹਾਂ ਦੀ ਅਰਪਿਤਾ ਭਾਵੇਂ ਨਹੀਂ ਰਹੀ, ਪਰ ਉਸ ਦੇ ਅੰਗ ਕਈ ਲੋਕਾਂ ਨੂੰ ਜ਼ਿੰਦਗੀ ਦੇਣਗੇ। ਉਸ ਸਮੇਂ ਪੀ.ਜੀ.ਆਈ. ਦੀ ਦਿਮਾਗੀ ਮੌਤ ਸਰਫਿਕੇਸ਼ਨ ਕਮੇਟੀ ਨੇ ਬੱਚੀ ਦੇ ਦਿਮਾਗ ਦੇ 2 ਵਾਰ ਕਈ ਟੈਸਟ ਕੀਤੇ ਅਤੇ ਪਾਇਆ ਕਿ ਉਸ ਦਾ ਦਿਮਾਗ ਕੰਮ ਕਰਨਾ ਬੰਦ ਕਰ ਚੁੱਕਾ ਸੀ, ਜੋ ਪੂਰੀ ਤਰ੍ਹਾਂ ਲਾ-ਇਲਾਜ ਸੀ। ਇਸ ਤੋਂ ਬਾਅਦ ਮਾਹਿਰ ਡਾਕਟਰਾਂ ਵੱਲੋਂ ਬੱਚੀ ਦੇ ਅੰਗ ਲੈ ਲਏ ਗਏ। ਉਸ ਦੇ ਗੁਰਦੇ 2 ਵਿਅਕਤੀਆਂ ਦੇ ਸਰੀਰ ਵਿੱਚ ਲਾਈਆਂ ਗਈਆਂ, ਜੋ ਗੁਰਦੇ 2 ਵਿਅਕਤੀਆਂ ਦੇ ਸਰੀਰ ਵਿੱਚ ਲਾਈਆਂ ਗਈਆਂ, ਜੋ ਗੁਰਦੇ ਫੇਲ੍ਹ ਹੋਣ ਕਾਰਨ ਕਿਸੇ ਵੀ ਸਮੇਂ ਮਰ ਸਕਦੇ ਸਨ। ਬੱਚੀ ਦੀਆਂ ਅੱਖਾਂ 2 ਵਿਅਕਤੀਆਂ ਨੂੰ ਦਾਨ ਕੀਤੀਆਂ ਗਈਆਂ ਜੋ ਕਿ ਕਈ ਸਾਲਾਂ ਤੋਂ ਅੰਨ੍ਹੇ ਸਨ। ਇਸ ਤਰ੍ਹਾਂ ਇੱਕ ਬੱਚੀ ਨੇ ਮੌਤ ਤੋਂ ਪਹਿਲਾਂ ਹੋਰ ਵਿਅਕਤੀਆਂ ਨੂੰ ਜ਼ਿੰਦਗੀ ਦੀ ਇੱਕ ਨਵੀਂ ਕਿਰਨ ਦਿੱਤੀ।

# ਅਨੰਦਪੁਰ ਸਾਹਿਬ ਦਾ ਮਤਾ ਇੱਕ ਪਵਿੱਤਰ ਦਸਤਾਵੇਜ਼

ਲੁਧਿਆਣਾ - ਅਕਾਲੀ ਦਲ ਪੰਚ ਪ੍ਰਧਾਨੀ ਦੇ ਕੌਮੀ ਪੰਚ ਭਾਈ ਹਰਪਾਲ ਸਿੰਘ ਚੀਮਾ, ਜਨਰਲ ਸਕੱਤਰ ਭਾਈ ਕੁਲਬੀਰ ਸਿੰਘ ਬੜਾਪਿੰਡ ਤੇ ਜਥੇਬੰਦਕ ਸਕੱਤਰ ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਕਿਹਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਇੱਕ ਪਵਿੱਤਰ ਦਸਤਾਵੇਜ਼ ਹੈ ਅਤੇ ਭਾਰਤ ਦੇ ਸੰਘੀ ਢਾਂਚੇ ਨੂੰ ਸਹੀ ਰੂਪ ਵਿੱਚ ਲਾਗੂ ਕਰਨ ਦਾ ਪਹਿਲਾ ਕਦਮ ਹੈ ਅਤੇ ਸੰਘੀ ਢਾਂਚਾ ਲਾਗੂ ਹੋਣ ਨਾਲ ਹੀ ਭਾਰਤੀ ਉਪਮਹਾਦੀਪ ਦੀਆਂ ਸਾਰੀਆ ਕੌਮਾਂ ਸਹੀ ਰੂਪ ਵਿੱਚ ਵਿਕਾਸ ਕਰ ਸਕਦੀਆਂ ਹਨ। ਭਾਰਤ ਦੀਆਂ ਸਾਰੀਆਂ ਸੰਘਰਸ਼ਸ਼ੀਲ ਧਿਰਾਂ ਤੇ ਖੇਤਰੀ ਪਾਰਟੀਆਂ ਨੂੰ ਇਸ ਉੱਤੇ ਇੱਕ ਮਤ ਹੋ ਕੇ ਵੋਟਾਂ ਲੜਨੀਆਂ ਚਾਹੀਦੀਆਂ ਹਨ ਪਰ ਅਨੰਦਪੁਰ ਸਾਹਿਬ ਦੇ ਮਤੇ ਨੂੰ ਫਿਰਕੂ ਤੇ ਦੇਸ਼ ਨੂੰ ਤੋੜਨ ਵਾਲਾ ਮਤਾ ਕਹਿਣ ਵਾਲੀ ਕਾਂਗਰਸ-ਭਾਜਪਾ ਵਲੋਂ ਅਨੰਦਪੁਰ ਸਾਹਿਬ ਦੇ ਮਤੇ ਦੀ ਵਿਰੋਧਤਾ ਆਪਣੇ ਫਿਰਕੂਪੁਣੇ ਕਾਰਨ ਕੀਤੀ ਜਾ ਰਹੀ ਹੈ ਉੱਥੇ ਬਾਦਲ ਵੀ ਇਸ ਮਤੇ ਦੀ ਗੱਲ ਸਿੱਖ ਹਿੱਸਿਆਂ ਵਿੱਚ ਅਕਾਲੀ ਦਲ ਦੇ ਡਿੱਗ ਰਹੇ ਗ੍ਰਾਫ ਨੂੰ ਬਚਾਉਂਣ ਲਈ ਹੀ ਕਰ ਰਿਹਾ ਹੈ। ਉਹਨਾਂ ਕਿਹਾ ਕਿ ਬਾਦਲ ਭਾਵੇਂ ਅੱਜ ਪੰਜਾਬ ਦਾ ਮੁਖ ਮੰਤਰੀ ਹੈ ਤੇ ਉਸਨੇ ਆਪਣੇ ਮੁੰਡੇ ਨੂੰ ਉਪ-ਮੁਖ ਮੰਤਰੀ ਬਣਾ ਲਿਆ ਹੈ ਪਰ ਅਕਾਲੀ ਦਲ ਦਾ ਗ੍ਰਾਫ ਨਿਸਚੇ ਹੀ ਥੱਲੇ ਡਿੱਗਾ ਹੈ ਅਤੇ ਸਿੱਖ ਉਸਦੀਆਂ ਭਾਜਪਾ ਹਮਾਇਤੀ ਨੀਤੀਆਂ ਨੂੰ ਬਿਲਕੁਲ ਵੀ ਪਸੰਦ ਨਹੀਂ ਕਰ ਰਹੇ। ਇਹੀ ਕਾਰਨ ਹੈ ਕਿ ਬਾਦਲ ਮੁੜ ਸਿੱਖਾਂ ਨੂੰ ਆਪਣੇ ਵੱਲ ਆਕਰਸ਼ਤ ਕਰਨ ਲਈ ਤੇ ਸਿੱਖਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਣ ਲਈ ਅਨੰਦਪੁਰ ਦੇ ਮਤੇ ਤੇ ਪੰਥ-ਪੰਜਾਬ ਦੇ ਹੋਰ ਹੱਕਾਂ ਦੀਆਂ ਗੱਲਾਂ ਅਖਬਾਰੀ ਬਿਆਨਾਂ ਰਾਹੀਂ ਕਰ ਰਿਹਾ ਹੈ।

ਉਹਨਾਂ ਕਿਹਾ ਕਿ ਬਾਦਲ ਦੀ ਸਦਾ ਹੀ ਇਹ ਗੰਦੀ ਰਾਜਨੀਤੀ ਰਹੀ ਹੈ ਕਿ ਪੰਥ-ਪੰਜਾਬ ਦੇ ਨਾਮ ਤੇ ਸਿੱਖਾਂ ਤੇ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਕੇ ਆਪਣੇ ਪਰਿਵਾਰ ਦੀਆਂ ਸਵਾਰਥ ਸਿੱਧੀਆਂ ਕਿਵੇਂ ਕੀਤੀਆਂ ਜਾਣ। ਉਹਨਾਂ ਕਿਹਾ ਕਿ ਬਾਦਲ ਨੇ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਬੇਅੰਤ ਸਰਕਾਰ ਵਲੋਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਵਾਲੇ ਪੁਲਿਸ ਅਫਸਰਾਂ ਖਿਲਾਫ ਕਾਰਵਾਈ ਕਰਨ ਦੀ ਗੱਲ ਕੀਤੀ ਸੀ ਪਰ ਉਲਟਾ ਵੋਟਾਂ ਤੋਂ ਬਾਅਦ ਸੁਮੇਧ ਸੈਣੀ ਜਿਹੇ ਕਾਤਲ ਪੁਲਿਸ ਅਫਸਰਾਂ ਨੂੰ ਵੱਡੇ ਅਹੁਦਿਆਂ ਨਾਲ ਨਿਵਾਜਿਆ ਗਿਆ। ਉਹਨਾਂ ਕਿਹਾ ਕਿ ਮੁਖ ਮੰਤਰੀ ਬੇਅੰਤ ਸਿਹੁੰ ਦਾ ਮੀਡੀਆ ਸਲਾਹਕਾਰ ਹਰਚਰਨ ਬੈਂਸ ਅੱਜ ਬਾਦਲ ਦਾ ਮੀਡੀਆ ਸਲਾਹਕਾਰ ਹੈ, ਦਰਬਾਰ ਸਾਹਿਬ ਤੇ ਹਮਲੇ ਲਈ ਦਸਤਖਤ ਕਰਨ ਵਾਲਾ ਅੰਮ੍ਰਿਤਸਰ ਦਾ ਡੀ.ਸੀ ਰਮੇਸ਼ ਇੰਦਰ ਅੱਜ ਬਾਦਲ ਦਾ ਮੁਖ ਸਕੱਤਰ ਹੈ। ਪੰਜਾਬ ਦੇ ਜਾਲਮ ਗਵਰਨਰ ਐਸ.ਐਸ.ਰੇਅ ਦਾ ਸਲਾਹਕਾਰ ਜਸਬੀਰ ਆਹਲੂਵਾਲੀਆ ਅੱਜ ਬਾਦਲ ਵਲੋਂ ਸਿੱਖ ਯੂਨੀਵਰਸਿਟੀ ਦਾ ਵੀ.ਸੀ ਲਾਇਆ ਗਿਆ ਹੈ। ਇੱਥੋਂ ਤੱਕ ਕਿ ਬਾਦਲ ਵਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਾਤਲਾਂ ਦਾ ਨਾਮ ਨਸ਼ਰ ਕਰਦੀ ਤਿਵਾੜੀ ਰਿਪੋਰਟ ਨੂੰ ਦਬਾ ਦਿੱਤਾ। ਉਹਨਾਂ ਕਿਹਾ ਕਿ ਅਸੀਂ ਬਾਦਲ ਵਲੋਂ ਕਾਂਗਰਸ ਨੂੰ ਪੰਥ-ਪੰਜਾਬ ਵਿਰੋਧੀ ਦਰਸਾਉਣ ਦੀ ਹਮਾਇਤ ਕਰਦੇ ਹਾਂ ਪਰ ਬਾਦਲ ਦੱਸੇ ਕਿ ਉਸਦੀ ਭਾਈਵਾਲ ਭਾਜਪਾ ਵਲੋਂ ਸਿਵਾਇ ਉਸਦੇ ਮੁੰਡੇ ਨੂੰ ਮੰਤਰੀ ਬਣਾਉਂਣ ਤੋਂ ਪੰਥ-ਪੰਜਾਬ ਦਾ ਕਿਹੜਾ ਇੱਕ ਵੀ ਹੱਕ ਲੈ ਕੇ ਦਿੱਤਾ। ਉਹਨਾਂ ਸਪੱਸ਼ਟ ਕੀਤਾ ਕਿ ਪੰਥ-ਪੰਜਾਬ ਦੀ ਹੋਂਦ ਹਸਤੀ ਖਤਮ ਕਰਨ ਸਬੰਧੀ ਕਾਂਗਰਸ-ਭਾਜਪਾ ਇੱਕੋ ਸਿੱਕੇ ਦੇ ਦੋ ਪਾਸੇ ਹਨ।

## ਆਨੰਦਪੁਰ ਸਾਹਿਬ ਮਤੇ ਸਬੰਧੀ ਪੱਤਰਕਾਰਾਂ ਦੇ ਸਵਾਲਾਂ ਨੇ ਸੁਖਬੀਰ ਦੇ ਹੱਥ ਖੜੇ ਕਰਵਾਏ

ਜਲੰਧਰ- "ਆਨੰਦਪੁਰ ਸਾਹਿਬ ਦਾ ਮਤਾ ਕੇਵਲ ਤੇ ਕੇਵਲ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਹੀ ਗੱਲ ਕਰਦਾ ਹੈ ਜਿਸ ਨੂੰ ਦੂਜੇ ਸੂਬੇ ਵੀ ਮੰਗਦੇ ਹਨ।" ਇਹ ਪ੍ਰਗਟਾਵਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇੱਥੇ ਕੀਤਾ ਜੋ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਇੱਥੇ ਆਏ ਸਨ। ਉਨ੍ਹਾਂ ਨੂੰ ਇਸ ਮਸਲੇ 'ਤੇ ਸਵਾਲਾਂ ਦੀ ਬੁਛਾੜ ਦਾ ਸਾਹਮਣਾ ਕਰਨਾ ਪਿਆ ਤੇ ਉਹ ਪ੍ਰੈਸ ਕਾਨਫਰੰਸ ਵਿੱਚੋਂ ਉਠ ਕੇ ਖੜ੍ਹੇ ਹੋ ਗਏ। ਇਸਦੇ ਨਾਲ ਹੀ ਉਨ੍ਹਾਂ ਸਪੱਸ਼ਟ ਕੀਤਾ ਕਿ ਲੋਕ ਸਭਾ ਚੋਣਾਂ ਲਈ ਬਾਕੀ ਰਹਿੰਦੇ ਉਮੀਦਵਾਰਾਂ ਦਾ ਐਲਾਨ 15 ਦਿਨਾਂ ਵਿੱਚ ਕਰ ਦਿੱਤਾ ਜਾਵੇਗਾ ਅਤੇ ਭਾਜਪਾ ਲਈ ਛੱਡੀਆਂ ਗਈਆਂ 3 ਸੀਟਾਂ ਲਈ ਅਦਲਾ-ਬਦਲੀ ਕਰਨ ਬਾਰੇ ਉਚ ਪੱਧਰ 'ਤੇ ਕੋਈ ਗੱਲਬਾਤ ਨਹੀਂ ਹੋਈ।

ਭਗਵਾਨ ਜਗਨਨਾਥ ਦੀ ਸ਼ੋਭਾ ਯਾਤਰਾ 'ਚ ਹਿੱਸਾ ਲੈਣ ਤੋਂ ਪਹਿਲਾਂ ਹੈਲੀਪੇਡ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਦੋਂ ਉਪ ਮੁੱਖ ਮੰਤਰੀ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਗੱਲ ਕਰਨ ਤੋਂ ਟਲ ਰਹੇ ਸਨ ਤਾਂ ਉਨ੍ਹਾਂ ਦੇ ਨਾਲ ਬੈਠੇ ਭਾਜਪਾ ਆਗੂ ਅਤੇ ਪੰਜਾਬ ਦੇ ਮੰਤਰੀ ਮਨੋਰੰਜਨ ਕਾਲੀਆ ਬੜੇ ਖੁਸ਼ ਹੋ ਰਹੇ ਸਨ। ਆਨੰਦਪੁਰ ਸਾਹਿਬ ਦੇ ਮਤੇ ਬਾਰੇ ਪੁੱਛੇ ਸਵਾਲਾਂ ਨੇ ਸੁਖਬੀਰ ਬਾਦਲ ਨੂੰ ਅਜਿਹੀ ਸਥਿਤੀ 'ਚ ਫਸਾ ਦਿੱਤਾ ਕਿ ਉਨ੍ਹਾਂ ਕੋਲੋਂ ਉਥੋਂ ਉਠ ਕੇ ਜਾਣ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ ਬਚਿਆ। ਉਨ੍ਹਾਂ ਨੂੰ ਜਦੋਂ ਇਹ ਸਵਾਲ ਪੁੱਛਿਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਭਾਈਵਾਲ ਪਾਰਟੀ ਭਾਜਪਾ ਇਸ ਮਤੇ ਨੂੰ ਵੱਖਵਾਦੀ ਮਤਾ ਮੰਨਦੀ ਹੈ ਅਤੇ ਇਸ ਬਾਰੇ ਭਾਜਪਾ ਨੇ ਬੜਾ ਸਖ਼ਤ ਸਟੈਂਡ ਲਿਆ ਹੋਇਆ ਤਾਂ ਇਸ ਸਵਾਲ ਦੇ ਜਵਾਬ 'ਚ ਉਪ ਮੁੱਖ ਮੰਤਰੀ ਨੇ ਕਿਹਾ ਕਿ ਆਨੰਦਪੁਰ ਸਾਹਿਬ ਦਾ ਮਤਾ ਸੂਬਿਆਂ ਨੂੰ ਵੱਧ ਵਿੱਤੀ ਖੁਦਮੁਖ਼ਤਿਆਰੀ ਦੇਣ ਵਾਲਾ ਮਤਾ ਹੈ।

ਇਹ ਖੁਦਮੁਖ਼ਤਿਆਰੀ ਦੇਸ਼ ਦੇ ਦੂਜੇ ਸੂਬੇ ਵੀ ਮੰਗਦੇ ਹਨ। ਉਨ੍ਹਾਂ ਕਿਹਾ ਕਿ ਮਤੇ 'ਚ ਵਿੱਤੀ ਅਧਿਕਾਰ ਦੇਣ ਦੀ ਹੀ ਗੱਲ ਕਹੀ ਗਈ ਹੈ। ਉਨ੍ਹਾਂ ਨੂੰ ਜਦੋਂ ਇਹ ਸਵਾਲ ਕੀਤਾ ਗਿਆ ਕਿ ਇਸ ਨੂੰ ਆਨੰਦਪੁਰ ਸਾਹਿਬ ਦਾ ਸੋਧਿਆ ਹੋਇਆ ਮਤਾ ਮੰਨ ਲਿਆ ਜਾਵੇ ਤਦ ਵੀ ਉਨ੍ਹਾਂ ਕਿਹਾ ਕਿ ਮਤੇ 'ਚ ਵਿੱਤੀ ਅਧਿਕਾਰਾਂ ਦੀ ਹੀ ਗੱਲ ਕੀਤੀ ਗਈ ਹੈ। ਪੱਤਰਕਾਰਾਂ ਨੇ ਜਦੋਂ ਇਹ ਸਵਾਲ ਪੁੱਛਿਆ ਕਿ ਉਹ 1973 ਜਾਂ 1978 'ਚੋਂ ਆਨੰਦਪੁਰ ਸਾਹਿਬ ਦੇ ਕਿਹੜੇ ਮਤੇ ਨੂੰ ਆਨੰਦਪੁਰ ਸਾਹਿਬ ਦਾ ਮਤਾ ਮੰਨਦੇ ਹਨ? ਤਾਂ ਉਹ ਇਸ ਸਵਾਲ ਦਾ ਜਵਾਬ ਦੇਣ ਦੀ ਥਾਂ ਉਠ ਕੇ ਖੜ੍ਹੇ ਹੋ ਗਏ ਤੇ ਕਹਿਣ ਲੱਗੇ ਕਿ ਉਹ ਉਪ ਮੁੱਖ ਮੰਤਰੀ ਬਣ ਕੇ ਪਹਿਲੀ ਵਾਰ ਜਲੰਧਰ ਆਏ ਹਨ ਤੇ ਕਿਹੋ ਜਿਹੇ ਸਵਾਲ ਪੁੱਛ ਰਹੇ ਹੋ।

ਪੱਤਰਕਾਰਾਂ ਨੇ ਜਦੋਂ ਇਹ ਭਰੋਸਾ ਦਿੱਤਾ ਕਿ ਉਹ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਕੋਈ ਸਵਾਲ ਨਹੀਂ ਪੁੱਛਣਗੇ ਤਦ ਜਾ ਕੇ ਸੁਖਬੀਰ ਬਾਦਲ ਮੁੜ ਬੈਠੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪ੍ਰਸ਼ਾਸਨਿਕ ਸੁਧਾਰ ਲਿਆਉਣ ਲਈ ਬੜੀ ਤੇਜ਼ੀ ਨਾਲ ਕੰਮ ਕਰ ਰਹੀ ਹੈ।

## ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਸਬੰਧੀ ਵਿਵਾਦ ਬੇਲੋੜਾ- ਬਾਦਲ

ਚੰਡੀਗੜ੍ਹ- ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਇਥੋਂ ਜਾਰੀ ਇੱਕ ਬਿਆਨ 'ਚ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਸਬੰਧੀ ਸ਼ੁਰੂ ਹੋਏ ਵਿਵਾਦ ਨੂੰ ਰੱਦ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਕੁਝ ਲੋਕ ਇਸ ਮਤੇ ਸਬੰਧੀ ਬੇਲੋੜੇ ਵਿਵਾਦ ਨੂੰ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਦੋਂਕਿ ਇਹ ਮਤਾ ਰਾਜਾਂ ਨੂੰ ਵਧੇਰੇ ਮਾਲੀ ਅਧਿਕਾਰ ਦਿਵਾਏ ਜਾਣ ਦੀ ਵਕਾਲਤ ਕਰਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀਆਂ ਤਕਰੀਬਨ ਸਾਰੀਆਂ ਸਿਆਸੀ ਜਮਾਤਾਂ ਰਾਜਾਂ ਨੂੰ ਵਧੇਰੇ ਮਾਲੀ ਅਧਿਕਾਰ ਦਿੱਤੇ ਜਾਣ ਦੀ ਮੰਗ ਦਾ ਸਮਰਥਨ ਕਰ ਚੁੱਕੀਆਂ ਹਨ ਤੇ ਇਸ ਮੁੱਦੇ 'ਤੇ ਤਕਰੀਬਨ ਸਾਰੀਆਂ ਸਿਆਸੀ ਪਾਰਟੀਆਂ ਇੱਕ ਰਾਏ ਹਨ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਵਿਵਾਦ ਤੇ ਗ਼ਲਤਫ਼ਹਿਮੀਆਂ ਉਹ ਲੋਕ ਪੈਦਾ ਕਰ ਰਹੇ ਹਨ ਜਿਨ੍ਹਾਂ ਨੂੰ ਜਾਂ ਤਾਂ ਇਸ ਮਤੇ ਸਬੰਧੀ ਪੂਰੀ ਜਾਣਕਾਰੀ ਨਹੀਂ ਜਾਂ ਉਨ੍ਹਾਂ ਦੇ ਕੋਈ ਸਿਆਸੀ ਮੁਫ਼ਾਦ ਹਨ।

ਸ: ਬਾਦਲ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਮੋਹਰੀ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਅਜਿਹੇ ਮਸਲੇ 'ਤੇ ਅਕਾਲੀ ਦਲ ਦੇ ਦੇਸ਼ ਭਗਤੀ ਭਰੇ ਇਤਿਹਾਸ ਸਬੰਧੀ ਗ਼ਲਤਫ਼ਹਿਮੀਆਂ ਪੈਦਾ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸ: ਬਾਦਲ ਨੇ ਕਿਹਾ ਕਿ ਇਥੋਂ ਤੱਕ ਕਿ ਕਾਂਗਰਸ ਹਕੂਮਤ ਵਾਲੀਆਂ ਰਾਜ ਸਰਕਾਰਾਂ ਵੱਲੋਂ ਵਧੇਰੇ ਮਾਲੀ ਅਧਿਕਾਰਾਂ ਦੀ ਮੰਗ ਕੀਤੀ ਜਾ ਰਹੀ ਹੈ। ਇਸੇ ਕਾਰਨ ਭਾਰਤ ਸਰਕਾਰ ਵੱਲੋਂ ਵੀ ਤਾਕਤਾਂ ਦੇ ਵਿਕੇਂਦਰੀਕਰਨ ਲਈ ਹੁਣ ਤੱਕ ਕਈ ਕਮਿਸ਼ਨ ਵੀ ਸਥਾਪਤ ਕੀਤੇ ਹਨ ਤਾਂ ਜੋ ਰਾਜਾਂ ਤੇ ਕੇਂਦਰ ਦਰਮਿਆਨ ਮਾਲੀ ਅਧਿਕਾਰਾਂ ਦੀ ਵੰਡ ਲਈ ਫਾਰਮੂਲਾ ਤਹਿ ਕੀਤਾ ਜਾ ਸਕੇ।

## ਆਨੰਦਪੁਰ ਸਾਹਿਬ ਦੇ ਮਤੇ ਨੂੰ ਉਭਾਰ ਕੇ ਪੰਜਾਬ 'ਚ ਅਸਥਿਰਤਾ ਪੈਦਾ ਕੀਤੀ ਜਾ ਰਹੀ ਹੈ-ਕੈਪਟਨ

ਜਲੰਧਰ – "ਸ਼੍ਰੋਮਣੀ ਅਕਾਲੀ ਦਲ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਉਭਾਰ ਕੇ ਪੰਜਾਬ 'ਚ ਅਸਥਿਰਤਾ ਪੈਦਾ ਕਰਕੇ ਸਿਆਸੀ ਲਾਹਾ ਲੈਣਾ ਚਾਹੁੰਦਾ ਹੈ ਤੇ ਪੰਜਾਬ ਦਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਪੰਜਾਬ 'ਚ ਸਿਆਸੀ ਦਹਿਸ਼ਤਵਾਦ ਪੈਦਾ ਕਰ ਰਿਹਾ ਹੈ।" ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹ ਕਪੂਰਥਲਾ ਦੇ ਗੁਰੂ ਨਾਨਕ ਸਟੇਡੀਅਮ 'ਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਕਰਵਾਏ ਪੰਜਵੇਂ ਕੌਮਾਂਤਰੀ ਕਬੱਡੀ ਖੇਡ ਮੇਲੇ 'ਚ ਸ਼ਾਮਲ ਲੈਣ ਲਈ ਆਏ ਸਨ। ਜਲੰਧਰ 'ਚ ਉਨ੍ਹਾਂ ਐਮ ਪੀ ਰਾਣਾ ਗੁਰਜੀਤ ਸਿੰਘ ਦੇ ਘਰ ਤੇ ਕਪੂਰਥਲਾ 'ਚ ਸਟੇਡੀਅਮ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ-ਭਾਜਪਾ ਗਠਜੋੜ ਸਰਕਾਰ ਤੇ ਖਾਸ ਕਰਕੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਪਿਓ-ਪੁੱਤ ਨੂੰ ਤਿੱਖੇ ਸਿਆਸੀ ਰਗੜੇ ਲਾਏ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਲੋਕ ਸਭਾ ਦੀਆਂ 13 ਦੀਆਂ 13 ਸੀਟਾਂ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਚੰਗੀ ਤਰ੍ਹਾਂ ਮਾਂਜਾ ਫੇਰੇਗੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਉਭਾਰੇ ਜਾਣ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਯੋਜਨਾਬੱਧ ਤਰੀਕੇ ਨਾਲ ਉਭਾਰਿਆ ਜਾ ਰਿਹਾ ਹੈ ਤਾਂ ਜੋ ਲੋਕ ਸਭਾ ਚੋਣਾਂ ਦੌਰਾਨ ਇੱਕ ਖਾਸ ਫ਼ਿਰਕੇ ਦੀਆਂ ਭਾਵਨਾਵਾਂ ਨੂੰ ਹਵਾ ਦਿੱਤੀ ਜਾ ਸਕੇ। ਇਸੇ ਕਾਰਨ ਪੰਥ ਖ਼ਤਰੇ 'ਚ ਹੈ ਦੇ ਨਾਅਰੇ ਲਗਾਏ ਜਾ ਰਹੇ ਹਨ। ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਉਭਾਰ ਕੇ ਪੰਜਾਬ 'ਚ ਅਸਥਿਰਤਾ ਪੈਦਾ ਕੀਤੀ ਜਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 1977 'ਚ ਪਾਸ ਕੀਤੇ ਗਏ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੇ ਹੀ ਪੰਜਾਬ ਨੂੰ ਖਾੜਕੂਵਾਦ ਦੀ ਅੱਗ 'ਚ ਝੋਕਿਆ ਸੀ, ਜਿਸ ਦੌਰਾਨ 35 ਹਜ਼ਾਰ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ ਹਨ। ਇਸ ਕਾਰਨ ਹੀ ਪੰਜਾਬ ਦਾ ਵਿਦੇਸ਼ਾਂ 'ਚ ਵੀ ਅਕਸ ਖ਼ਰਾਬ ਹੋਇਆ। ਪੰਜਾਬ 'ਚ ਅਮਨ ਸ਼ਾਂਤੀ ਲਿਆਉਣ ਲਈ ਕਾਂਗਰਸ ਸਮੇਤ ਕਈ

ਪਾਰਟੀਆਂ ਨੂੰ ਆਪਣੇ ਆਗੂਆਂ ਦੀ "ਸ਼ਹਾਦਤ" ਦੇਣੀ ਪਈ ਸੀ। ਕੁਰਬਾਨੀਆਂ ਨਾਲ ਸ਼ਾਂਤ ਹੋਏ ਪੰਜਾਬ ਨੂੰ ਮੁੜ ਲਾਂਬੂ ਲਗਾਉਣ ਲਈ ਪਿਓ-ਪੁੱਤ (ਦੋਵੇਂ ਬਾਦਲ) ਜ਼ੋਰ-ਸ਼ੋਰ ਨਾਲ ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਉਭਾਰ ਰਹੇ ਹਨ। ਉਨ੍ਹਾਂ ਇਸ ਮੁੱਦੇ 'ਤੇ ਭਾਜਪਾ ਨੂੰ ਵੀ ਘੇਰਦਿਆਂ ਕਿਹਾ ਉਹ ਪੰਜਾਬ 'ਚ ਜਿਸ ਪਾਰਟੀ ਨਾਲ ਗਠਜੋੜ ਕਰੀ ਬੈਠੀ ਹੈ, ਉਹ ਇਸ ਬਾਰੇ ਆਪਣੀ ਸਥਿਤੀ ਸਪੱਸ਼ਟ ਕਰੇ।

ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਇਸ ਦਾ ਡੱਟ ਕੇ ਵਿਰੋਧ ਕਰੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਲੋਕ ਸਭਾ ਦੀਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਗੁੰਡਾਗਰਦੀ ਨਹੀਂ ਚੱਲਣ ਦੇਵੇਗੀ। ਉਨ੍ਹਾਂ ਸੂਬੇ ਦੀਆਂ 13 ਦੀਆਂ 13 ਸੀਟਾਂ ਜਿੱਤਣ ਦਾ ਦਾਅਵਾ ਕਰਦਿਆਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋਈ ਹੈ ਤੇ ਪੰਜਾਬ ਦੇ ਲੋਕ ਇਨ੍ਹਾਂ ਤੋਂ ਅੱਕ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਚੋਣ ਲੜਨ ਲਈ ਪੂਰੀ ਤਰ੍ਹਾਂ ਇਕਮੁੱਠਤਾ ਨਾਲ ਤਿਆਰ ਹੈ।

ਪਟਿਆਲਾ ਦੇ ਰਜਿੰਦਰਾ ਹਸਪਤਾਲ 'ਚ ਵਾਪਰੇ ਦੁੱਖਦਾਈ ਕਾਂਡ 'ਤੇ ਮੁੱਖ ਪਾਰਲੀਮਾਨੀ ਸਕੱਤਰ ਤੀਕਸ਼ਣ ਸੂਦ ਵੱਲੋਂ ਦਿੱਤੇ ਗਏ ਅਸਤੀਫ਼ੇ 'ਤੇ ਟਿੱਪਣੀ ਕਰਦਿਆਂ ਕੈਪਟਨ ਨੇ ਕਿਹਾ ਕਿ ਸ੍ਰੀ ਤੀਕਸ਼ਣ ਸੂਦ ਨੇ ਤਾਂ ਆਪਣੀ ਨੈਤਿਕ ਜ਼ਿੰਮੇਵਾਰੀ ਕਬੂਲ ਕੇ ਸਹੀ ਕਦਮ ਚੁੱਕਿਆ ਹੈ ਪਰ ਇਸ ਦੀ ਅਸਲ ਜ਼ਿੰਮੇਵਾਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹੈ, ਜਿਨ੍ਹਾਂ ਨੇ ਸਮੇਂ ਸਿਰ ਗਰਾਂਟ ਨਹੀਂ ਦਿੱਤੀ ਤੇ ਇਹ ਦੁੱਖਦਾਈ ਭਾਣਾ ਵਾਪਰ ਗਿਆ। ਜ਼ਿਕਰਯੋਗ ਹੈ ਕਿ ਸ੍ਰੀ ਤੀਕਸ਼ਣ ਸੂਦ ਨੇ ਅਸਤੀਫ਼ਾ ਦੇਣ ਸਮੇਂ ਇਹ ਗੱਲ ਕਹੀ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਸਪਤਾਲਾਂ ਦੇ ਸੁਧਾਰ ਲਈ ਮੰਗੀ ਗਈ ਗਰਾਂਟ ਸਮੇਂ ਸਿਰ ਨਹੀਂ ਸੀ ਦਿੱਤੀ, ਜਿਸ ਕਾਰਨ ਇਹ ਭਾਣਾ ਵਾਪਰ ਗਿਆ।

## ਆਨੰਦਪੁਰ ਮਤੇ ਸਬੰਧੀ ਅਕਾਲੀ ਦਲ ਬਾਦਲ ਪਹਿਲਾਂ ਆਪਣੀ ਨੀਤੀ ਸਪੱਸ਼ਟ ਕਰੇ-ਖਹਿਰਾ

ਚੰਡੀਗੜ੍ਹ- ਆਨੰਦਪੁਰ ਸਾਹਿਬ ਮਤੇ ਦਾ ਮੁੱਦਾ ਛੇੜ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਸੂਤੀ ਸਥਿਤੀ 'ਚ ਫਸਦੇ ਨਜ਼ਰ ਆ ਰਹੇ ਹਨ। ਪੰਜਾਬ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਦੇ ਨਾਂ ਇੱਕ ਖੁੱਲ੍ਹਾ ਪੱਤਰ ਲਿਖਕੇ ਆਨੰਦਪੁਰ ਮਤੇ 'ਤੇ ਖੁਦ ਅਕਾਲੀ ਦਲ ਦੀ ਨੀਤੀ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ। ਆਨੰਦਪੁਰ ਦਾ ਪਹਿਲਾ ਮਤਾ ਜੋ 1973 ਨੂੰ ਲਿਖਿਆ ਗਿਆ ਸੀ, ਸ਼੍ਰੋਮਣੀ ਅਕਾਲੀ ਦਲ ਨੇ 28 ਅਗਸਤ 1997 ਦੇ ਪਾਰਟੀ ਜਨਰਲ ਇਜਲਾਸ ਵਿੱਚ ਉਸ ਮਤੇ ਨੂੰ ਸਰਬਸੰਮਤੀ ਨਾਲ ਕਬੂਲਦਿਆਂ ਪਾਸ ਕਰ ਦਿੱਤਾ ਸੀ। ਅਕਾਲੀ ਦਲ ਦੁਆਰਾ ਉਸ ਮੌਕੇ ਪ੍ਰਣ ਲਿਆ ਗਿਆ ਸੀ ਕਿ ਇਸ ਮਤੇ ਨੂੰ ਅਕਾਲੀ ਸਰਕਾਰ ਲਾਗੂ ਕਰੇਗੀ। ਮਤੇ ਦੀਆਂ ਲੋਕ ਹਿਤ ਜੋ ਅਹਿਮ ਮੱਦਾਂ ਵਿੱਚ ਇੱਕ ਮਦ ਇਹ ਸੀ ਕਿ ਰਾਜ ਅੰਦਰ ਅਮੀਰੀ ਤੇ ਗਰੀਬੀ ਦੇ ਪਾੜੇ ਨੂੰ ਖਤਮ ਕਰਨ ਲਈ ਅਕਾਲੀ ਸਰਕਾਰ ਲੈਂਡ ਸੀਲਿੰਗ ਐਕਟ ਨੂੰ ਲਾਗੂ ਕਰੇਗੀ, ਜਿਸ ਦੇ ਤਹਿਤ 30 ਏਕੜ ਪ੍ਰਤੀ ਪਰਿਵਾਰ ਤੋਂ ਵੱਧ ਕਿਸੇ ਕੋਲ ਜ਼ਮੀਨ ਨਹੀਂ ਰਹਿਣ ਦਿੱਤੀ ਜਾਵੇਗੀ , ਜਿਸ ਕਿਸੇ ਕੋਲ ਵੀ ਇਸ ਤੋਂ ਵੱਧ ਜ਼ਮੀਨ ਹੋਵੇਗੀ , ਉਹ ਜ਼ਮੀਨ ਉਸ ਕੋਲੋਂ ਲੈ ਕੇ ਬੇਜ਼ਮੀਨਿਆਂ ਨੂੰ ਵੰਡ ਦਿੱਤੀ ਜਾਵੇਗੀ। ਖਹਿਰਾ ਨੇ ਆਪਣੇ ਪੱਤਰ ਵਿੱਚ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਇਹ ਕਾਰਜ ਉਨ੍ਹਾਂ ਆਪਣੇ ਘਰ ਤੋਂ ਸ਼ੁਰੂ ਕਿਉਂ ਨਹੀਂ ਕੀਤਾ ਜਦਕਿ ਮੁੱਖ ਮੰਤਰੀ ਬਾਦਲ ਨੂੰ ਚਾਹੀਦਾ ਸੀ ਕਿ ਸਰਕਾਰ ਬਣਨ ਉਪਰੰਤ ਆਨੰਦਪੁਰ ਦੇ ਮਤੇ 'ਤੇ ਅਮਲ ਕਰਦਿਆਂ ਉਹ ਆਪਣੀ ਵਾਧੂ ਜ਼ਮੀਨ ਬੇਜ਼ਮੀਨੇ ਲੋਕਾਂ ਵਿੱਚ ਵੰਡ ਦਿੰਦੇ ? ਉਨ੍ਹਾਂ ਕਿਹਾ ਕਿ ਜਦੋਂ ਅਕਾਲੀ ਦਲ ਵਲੋਂ ਆਨੰਦਪੁਰ ਮਤੇ ਨੂੰ ਪਾਰਟੀ ਨੀਤੀ ਦਾ ਹਿੱਸਾ ਬਣਾਇਆ ਗਿਆ ਸੀ, ਉਸ ਤੋਂ ਬਾਅਦ ਬਾਦਲ ਸੂਬੇ ਦੇ 5 ਵਾਰ ਮੁੱਖ ਮੰਤਰੀ ਬਣ ਚੁੱਕੇ ਹਨ ਪਰ ਅੱਜ ਤੱਕ ਇਸ ਮੱਦ ਨੂੰ ਅਮਲ ਵਿੱਚ ਨਹੀਂ ਲਿਆ ਸਕੇ। ਇਸ ਤੋਂ ਇਲਾਵਾ ਇੱਕ ਹੋਰ ਮਹੱਤਵਪੂਰਨ ਇਹ ਮੱਦ ਸੀ ਕਿ 100 ਕਰੋੜ ਤੋਂ ਵੱਧ ਕੋਈ ਵੀ ਉਦਯੋਗਿਕ ਇਕਾਈ ਹੋਵੇਗੀ ਤਾਂ ਉਸ ਨੂੰ ਜਨਤਕ ਅਦਾਰੇ ਵਿਚ ਤਬਦੀਲ ਕਰ ਦਿੱਤਾ ਜਾਵੇਗਾ ਪਰ ਮੁੱਖ ਮੰਤਰੀ ਬਾਦਲ ਦਾ ਗੁੜਗਾਂਵ ਵਿਖੇ ਟਰਾਈਡੈਂਟ ਹੋਟਲ ਨੂੰ ਅੱਜ ਤੱਕ ਜਨਤਕ ਅਦਾਰਾ ਘੋਸ਼ਿਤ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਮੌਜੂਦਾ ਮੌਕੇ ਬਾਦਲ ਪਰਿਵਾਰ ਦੇ ਓਰਬਿਟ ਟਰਾਂਸਪੋਰਟ ਵਿੱਚ 100 ਤੋਂ ਵੱਧ ਬੱਸਾਂ ਹਨ। ਆਨੰਦਪੁਰ ਦੇ ਮਤੇ ਮੁਤਾਬਕ ਇਸ ਟਰਾਂਸਪੋਰਟ ਨੂੰ ਹੁਣ ਤੱਕ ਪਬਲਿਕ ਅਦਾਰਿਆਂ ਵਿੱਚ ਸ਼ਾਮਲ ਕਰ ਦੇਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਕੀਤਾ ਗਿਆ।

## ਹੁਣ ਭੱਠਲ ਵੀ ਆਪਣੇ ਪੁੱਤਰ ਲਈ ਸੰਗਰੂਰ ਸੀਟ ਮੰਗਣ ਲੱਗੀ

ਚੰਡੀਗੜ੍ਹ- ਪੰਜਾਬ ਦੀ ਰਾਜਨੀਤੀ ਵਿੱਚ ਕਾਂਗਰਸੀ ਆਗੂ ਵੀ ਆਪਣੇ ਪੁੱਤਰਾਂ ਨੂੰ ਵਾਰਸਾਂ ਵਜੋਂ ਸਥਾਪਤ ਕਰਨ ਲਈ ਅਕਾਲੀਆਂ ਨਾਲੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ। ਜਾਣਕਾਰੀ ਅਨੁਸਾਰ ਪੰਜਾਬ ਕਾਂਗਰਸ ਵਿਧਾਇਕ ਦਲ ਤੇ ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਆਪਣੇ ਪੁੱਤਰ ਰਾਹੁਲਇੰਦਰ ਸਿੰਘ ਸਿੱਧੂ ਲਈ ਸੰਗਰੂਰ ਲੋਕ ਸਭਾ ਸੀਟ ਤੋਂ ਟਿਕਟ ਹਾਸਲ ਕਰਨ ਲਈ ਕੇਂਦਰੀ ਹਾਈ ਕਮਾਨ ਤੱਕ ਪਹੁੰਚ ਸ਼ੁਰੂ ਕੀਤੀ ਹੈ। ਸੂਤਰਾਂ ਅਨੁਸਾਰ ਬੀਬੀ ਭੱਠਲ ਆਪਣੇ ਪੁੱਤਰ ਨੂੰ ਯੂਥ ਕੋਟੇ ਵਿੱਚੋਂ ਟਿਕਟ ਹਾਸਲ ਕਰਨ ਲਈ ਪਾਰਟੀ ਦੇ ਜਨਰਲ ਸਕੱਤਰ ਅਤੇ ਯੂਥ ਕਾਂਗਰਸ ਦੇ ਸਰਪ੍ਰਸਤ ਰਾਹੁਲ ਗਾਂਧੀ ਮੈਂਬਰ ਪਾਰਲੀਮੈਂਟ ਦੁਆਰਾ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੱਕ ਭਾਵਨਾਵਾਂ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਵਿੱਚ ਹੈ। ਇਸ ਮੁੱਦੇ ਸਬੰਧੀ ਉਨ੍ਹਾਂ ਨੇ ਰਾਹੁਲ ਗਾਂਧੀ ਨਾਲ ਨਵੀਂ ਦਿੱਲੀ ਵਿੱਚ ਮੁਲਾਕਾਤ ਵੀ ਕੀਤੀ ਹੈ। ਜ਼ਿਕਰਯੋਗ ਹੈ ਕਿ ਸਾਬਕਾ ਮੁੱਖ ਮੰਤਰੀ

ਕੈਪਟਨ ਅਮਰਿੰਦਰ ਸਿੰਘ, ਭੱਠਲ ਨੂੰ ਸੰਗਰੂਰ ਤੋਂ ਜਿੱਤਣਯੋਗ ਉਮੀਦਵਾਰ ਵਜੋਂ ਸਿਫਾਰਸ਼ ਕਰ ਰਹੇ ਹਨ। ਉਧਰ ਭੱਠਲ ਆਪ ਚੋਣ ਲੜਨ ਦੀ ਬਜਾਏ ਪੁੱਤਰ ਨੂੰ ਚੋਣ ਮੈਦਾਨ ਵਿੱਚ ਲਿਆਉਣਾ ਚਾਹੁੰਦੀ ਹੈ।

## 'ਜੇ ਕਿਸਾਨਾਂ ਦੀ ਸਾਰ ਨਾ ਲਈ ਗਈ ਤਾਂ ਬਗ਼ਾਵਤ ਛਿੜ ਜਾਵੇਗੀ'

ਚੰਡੀਗੜ੍ਹ- ਪੰਜਾਬ ਤੇ ਦੇਸ਼ ਦੇ ਹੋਰ ਹਿੱਸਿਆਂ ਦੇ ਕਿਸਾਨਾਂ ਲਈ ਹਾਅ ਦਾ ਨਾਅਰਾ ਮਾਰਦਿਆਂ ਅਤੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਤਾੜਨਾ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਕਿਸਾਨਾਂ ਦੀ ਸਾਰ ਨਾ ਲਈ ਗਈ ਤਾਂ ਨੌਜਵਾਨ ਕਿਸਾਨਾਂ ਵਲੋਂ ਬਗਾਵਤ ਦੀ ਜੰਗ ਛਿੜ ਜਾਏਗੀ ਅਤੇ ਲੁੱਟ-ਖੋਹ ਸ਼ੁਰੂ ਹੋ ਜਾਏਗੀ, ਜਿਸ ਨੂੰ ਰੋਕਣਾ ਕਿਸੇ ਵੀ ਸਰਕਾਰ ਦੇ ਵੱਸ ਵਿੱਚ ਨਹੀਂ ਹੋਵੇਗਾ। ਸ. ਰਾਜੇਵਾਲ ਦੀ ਪ੍ਰਧਾਨਗੀ ਹੇਠ ਕਿਸਾਨ ਭਵਨ ਚੰਡੀਗੜ੍ਹ 'ਚ ਕੀਤੀ ਬੈਠਕ ਵਿੱਚ ਪਾਸ ਕੀਤੇ ਮਤਿਆਂ ਦਾ ਵੇਰਵਾ ਦਿੰਦੇ ਹੋਏ ਰਾਜੇਵਾਲ ਨੇ ਪੱਤਰਕਾਰਾਂ ਨੂੰ ਦਸਿਆ ਕਿ ਉਨ੍ਹਾਂ ਦੀ ਜਥੇਬੰਦੀ ਲੱਖੋਵਾਲ ਤੇ ਪਿਸ਼ੌਰਾ ਸਿੰਘ ਗਰੁੱਪਾਂ ਨਾਲ ਮਿਲ ਕੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ 18 ਫ਼ਰਵਰੀ ਨੂੰ ਪੰਜਾਬ ਅਤੇ ਹੋਰ ਸੂਬਿਆਂ ਵਿਚੋਂ ਬੁਲਾਏ ਕਿਸਾਨਾਂ ਦੀ ਮੱਦਦ ਨਾਲ ਪਾਰਲੀਮੈਂਟ ਨੂੰ ਘੇਰਨਗੇ ਤਾਂ ਕਿ ਕੇਂਦਰ ਸਰਕਾਰ ਕੋਲੋਂ ਡੀਜ਼ਲ ਦੀ ਕੀਮਤ 10 ਰੁਪਏ ਪ੍ਰਤੀ ਲੀਟਰ ਤੱਕ ਘਟਵਾਈ ਜਾਏ ਅਤੇ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 1080 ਰੁਪਏ ਪ੍ਰਤੀ ਕੁਇੰਟਲ ਦੀ ਥਾਂ 1268 ਰੁਪਏ ਤੱਕ ਮਿਥਿਆ ਜਾਵੇ।

ਪ੍ਰੈੱਸ ਕਾਨਫ਼ਰੰਸ ਵਿੱਚ ਜਥੇਬੰਦੀ ਦੇ ਪ੍ਰਧਾਨ ਨੇ ਕਿਸਾਨ ਯੂਨੀਅਨ ਦਾ ਯੂਥ ਵਿੰਗ ਤਿਆਰ ਕਰ ਕੇ ਉਨ੍ਹਾਂ ਦੀ ਦੂਜੀ ਕਤਾਰ ਮਜ਼ਬੂਤ ਕਰਨ ਦਾ ਵੀ ਫ਼ੈਸਲਾ ਐਲਾਨਿਆ ਅਤੇ ਨੌਜਵਾਨ ਜਥੇਬੰਦੀ ਦੇ 9 ਅਹੁਦੇਦਾਰ ਵੀ ਥਾਪੇ ਅਤੇ ਇਸ ਦੇ ਪ੍ਰਧਾਨ ਲਖਵਿੰਦਰ ਸਿੰਘ ਪੀਰ ਮੁਹੰਮਦ ਅਤੇ ਭੁਪਿੰਦਰ ਸਿੰਘ ਦੂਧਨ ਬਤੌਰ ਜਨਰਲ ਸਕੱਤਰ ਥਾਪ ਕੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ 3 ਫ਼ਰਵਰੀ ਨੂੰ ਖੰਨਾ ਮੰਡੀ ਨੇੜੇ ਸੜਕਾਂ 'ਤੇ ਆਲੂਆਂ ਦੇ ਢੇਰ ਲਾ ਕੇ ਪੰਜਾਬ ਸਰਕਾਰ ਦਾ ਧਿਆਨ ਕਿਸਾਨਾਂ ਦੀ ਦੁਰਦਸ਼ਾ ਵੱਲ ਦਿਵਾਇਆ ਜਾਵੇ। ਤਾਜ਼ਾ ਜਾਣਕਾਰੀ ਅਨੁਸਾਰ 3 ਫਰਵਰੀ ਨੂੰ ਕਿਸਾਨਾਂ ਨੇ ਖੰਨਾ ਮੰਡੀ ਨੇੜੇ ਸੜਕਾਂ 'ਤੇ ਆਲੂਆਂ ਦੇ ਢੇਰ ਲਗਾ ਕੇ ਰੋਸ ਪ੍ਰਗਟਾਇਆ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੰਜਾਬ ਦੀ ਖੇਤੀ ਨੂੰ ਨਵੀਂ ਪੀੜ੍ਹੀ ਤਾਂ ਹੀ ਬਚਾ ਸਕੇਗੀ ਜੇ ਦੁਬਾਰਾ ਖੇਤੀ ਨੂੰ ਮਜ਼ਬੂਤ ਕਰਨ ਲਈ ਕੇਂਦਰ ਅਤੇ ਰਾਜ ਸਰਕਾਰ ਦਿਲੋਂ ਮੱਦਦ ਕਰੇ। ਸਿਆਸੀ ਲੀਡਰਾਂ ਦੀ ਖੇਤੀ ਪ੍ਰਤੀ ਬੇਰੁੱਖੀ ਬਾਰੇ ਬਲਬੀਰ ਸਿੰਘ ਰਾਜੇਵਾਲ ਨੇ ਕਾਂਗਰਸ, ਅਕਾਲੀ ਅਤੇ ਭਾਜਪਾ ਨੇਤਾਵਾਂ ਬਾਰੇ ਲੋਕਾਂ ਦੀ ਲੁੱਟ-ਖਸੁੱਟ ਦੀ ਤਫ਼ਸੀਲ ਦਿੰਦਿਆਂ ਕਿਹਾ ਕਿ ਰੋਪੜ ਜ਼ਿਲ੍ਹੇ 'ਚ ਇੱਕ ਕਾਂਗਰਸੀ ਨੇਤਾ ਨੇ ਰੇਤਾ-ਬੱਜਰੀ ਦੇ ਠੇਕੇ ਲੁੱਟਣ ਦਾ ਕੰਮ ਛੇੜਿਆ ਹੋਇਆ ਹੈ ਅਤੇ ਇੱਕ ਦੋ ਹੋਰ ਜ਼ਿਲ੍ਹਿਆਂ 'ਚ ਅਕਾਲੀ ਨੇਤਾ ਲੁੱਟ ਮਚਾ ਰਹੇ ਹਨ ਭਾਵੇਂ ਉਨ੍ਹਾਂ ਨੇ ਕਿਸੇ ਹੋਰ ਦੇ ਨਾਂ ਤੇ ਬਿਜ਼ਨੈੱਸ ਖੋਲ੍ਹਿਆ ਹੋਇਆ ਹੈ।

## ਪ੍ਰੇਮ ਕੈਦੀਆਂ ਦੇ ਪਿੱਛੇ ਭੱਜ ਰਹੀ ਪੰਜਾਬ ਪੁਲੀਸ

ਜਲੰਧਰ- ਪੰਜਾਬ ਪੁਲੀਸ ਪਿਛਲੇ ਕੁਝ ਸਮੇਂ ਤੋਂ ਕੁਝ ਜ਼ਿਆਦਾ ਹੀ ਬਿਜ਼ੀ ਹੈ। ਹਾਲ ਇਹ ਹੈ ਕਿ ਵਰਦੀਧਾਰੀਆਂ ਨੂੰ ਅਪਰਾਧੀਆਂ ਲਈ ਨਹੀਂ, ਪ੍ਰੇਮ ਕੈਦੀਆਂ ਦੇ ਪਿੱਛੇ ਜ਼ਿਆਦਾ ਸਮਾਂ ਬਰਬਾਦ ਕਰਨਾ ਪੈ ਰਿਹਾ ਹੈ। ਇਨ੍ਹਾਂ ਮਾਮਲਿਆਂ ਨੂੰ ਜਦ ਪੁਲੀਸ ਅਦਾਲਤ ਤੱਕ ਪਹੁੰਚਾਉਂਦੀ ਹੈ, ਤਾਂ 50 ਫੀਸਦੀ ਮਾਮਲਿਆਂ 'ਚ ਸਮਝੌਤਾ ਹੋ ਜਾਂਦਾ ਹੈ।

ਦਰਅਸਲ ਪੰਜਾਬ 'ਚ ਪਿਛਲੇ ਕੁਝ ਸਾਲਾਂ ਤੋਂ ਘਰੋਂ ਭੱਜ ਕੇ ਪ੍ਰੇਮੀ ਪ੍ਰੇਮਿਕਾ ਦੇ ਵਿਆਹ ਕਰਨ ਦੀਆਂ ਘਟਨਾਵਾਂ ਨੇ ਪੁਲੀਸ ਦੇ ਨੱਕ 'ਚ ਦਮ ਕੀਤਾ ਹੋਇਆ ਹੈ। ਨਿਯਮਾਂ ਅਨੁਸਾਰ ਜੇਕਰ ਲੜਕੀ ਨਾਬਾਲਗ ਹੈ ਤਾਂ ਉਸ ਦੇ ਪਰਿਵਾਰ ਵਾਲਿਆਂ ਦੀ ਸ਼ਿਕਾਇਤ 'ਤੇ ਪੁਲੀਸ ਅਗਵਾ ਦਾ ਕੇਸ ਦਰਜ ਕਰ ਲੈਂਦੀ ਹੈ। ਆਮ ਤੌਰ 'ਤੇ ਧਾਰਾ 363, 366 ਦਾ ਕੇਸ ਦਰਜ ਕੀਤਾ ਜਾਂਦਾ ਹੈ। ਜੇਕਰ ਪੁਲੀਸ ਲੜਕੀ ਦੀ ਤਲਾਸ਼ ਕਰ ਲੈਂਦੀ ਹੈ ਅਤੇ ਸਰੀਰਕ ਸਬੰਧ ਬਣਾਉਣ ਦੀ ਪੁਸ਼ਟੀ ਹੁੰਦੀ ਹੈ ਤਾਂ ਬਲਾਤਕਾਰ ਦਾ ਕੇਸ ਦਰਜ ਹੁੰਦਾ ਹੈ।

ਪਿਛਲੇ ਦੋ ਸਾਲਾਂ 'ਚ ਇਸ਼ਕ ਲੜਾਉਣ ਵਾਲਿਆਂ ਦੇ ਘਰੋਂ ਭੱਜਣ ਦੀਆਂ ਘਟਨਾਵਾਂ ਦਾ ਗ੍ਰਾਫ ਤੇਜ਼ੀ ਨਾਲ ਵਧਿਆ ਹੈ। 2007 ਵਿੱਚ ਪੰਜਾਬ 'ਚ ਇੱਕ ਹਜ਼ਾਰ ਦੇ ਕਰੀਬ ਮਾਮਲੇ ਦਰਜ ਹੋਏ ਸਨ, ਜਦ ਕਿ 2008 ਦੇ ਨਵੰਬਰ ਮਹੀਨੇ ਤੱਕ ਇਹ ਅੰਕੜਾ 1036 ਤੱਕ ਪਹੁੰਚ ਚੁੱਕਾ ਸੀ। ਇਸ ਨਾਲ ਪੁਲੀਸ ਦੀ ਸਿਰਦਰਦੀ ਵਧ ਗਈ ਹੈ। ਖਾਸ ਗੱਲ ਇਹ ਹੈ ਕਿ ਇਨ੍ਹਾਂ ਕੇਸਾਂ 'ਚ ਸਜ਼ਾ ਸਿਰਫ 10 ਫੀਸਦੀ ਨੂੰ ਹੋਈ। ਮੁਸ਼ਕਲ ਇਹ ਹੈ ਕਿ ਲੜਕੀ ਦੇ ਪਰਿਵਾਰ ਵਾਲੇ ਹੀ ਪੁਲੀਸ ਨੂੰ ਗੁੰਮਰਾਹ ਕਰ ਕੇ ਲੜਕੀ ਨੂੰ ਨਾਬਾਲਗ ਦੱਸ ਕੇ ਕੇਸ ਦਰਜ ਕਰਾ ਦਿੰਦੇ ਹਨ। ਪ੍ਰੇਮੀ ਜੋੜੇ ਅਦਾਲਤ 'ਚ ਵਿਆਹ ਕਰ ਲੈਂਦੇ ਹਨ। ਅਜਿਹੇ 'ਚ ਪੁਲੀਸ ਨੂੰ ਮੂੰਹ ਦੀ ਖਾਣੀ ਪੈਂਦੀ ਹੈ।

ਦੂਜੀ ਸਮੱਸਿਆ ਇਹ ਹੈ ਕਿ ਜੇਕਰ ਬਾਲਗ ਲੜਕੀ ਘਰੋਂ ਭੱਜਦੀ ਹੈ ਤਾਂ ਪਰਿਵਾਰ ਵਾਲੇ ਘਰੋਂ ਗਹਿਣੇ ਅਤੇ ਸਮਾਨ ਚੋਰੀ ਕਰ ਕੇ ਭੱਜਣ ਦਾ ਮਾਮਲਾ ਵੀ ਦਰਜ ਕਰਾ ਦਿੰਦੇ ਹਨ। ਪੁਲੀਸ ਅਗਵਾ ਦੀ ਘਟਨਾ ਦੇ ਨਾਲ ਚੋਰੀ ਦੀ ਧਾਰਾ ਦਾ ਇਸਤੇਮਾਲ ਕਰ ਦਿੰਦੀ ਹੈ, ਪਰ ਬਾਅਦ 'ਚ ਪੁਲੀਸ ਨੂੰ ਹੀ ਸ਼ਰਮਿੰਦਾ ਹੋਣਾ ਪੈਂਦਾ ਹੈ।

ਸੂਤਰਾਂ ਅਨੁਸਾਰ ਪੁਲੀਸ ਜਿੰਨੇ ਕੇਸ ਦਰਜ ਕਰਦੀ ਹੈ, ਇਸ ਤੋਂ ਚਾਰ ਗੁਣਾ ਜ਼ਿਆਦਾ ਘਟਨਾਵਾਂ ਹੋ ਰਹੀਆਂ ਹਨ। ਪੁਲੀਸ ਵੀ ਉਨ੍ਹਾਂ ਕੇਸਾਂ ਨੂੰ ਹੀ ਦਰਜ ਕਰਦੀ ਹੈ ਜਿਨ੍ਹਾਂ 'ਤੇ ਦਬਾਅ ਹੁੰਦਾ ਹੈ। ਹਾਲ ਹੀ 'ਚ ਇੱਕ ਤਾਜ਼ਾ ਘਟਨਾ 'ਚ ਤਾਂ ਪੁਲੀਸ ਕੋਲਕਾਤਾ ਤੋਂ ਲੜਕੀ ਨੂੰ ਲੱਭ ਕੇ ਲਿਆਈ, ਅਜਿਹੇ 'ਚ ਪੁਲੀਸ ਪਾਰਟੀ ਦਾ 10 ਦਿਨ ਦਾ ਸਮਾਂ ਖਰਾਬ ਹੋਇਆ। ਬਾਅਦ 'ਚ ਲੜਕੀ ਬਾਲਗ ਨਿਕਲੀ।

ਐਸ ਪੀ ਹੈੱਡਕੁਆਰਟਰ ਸਤਿੰਦਰ ਸਿੰਘ ਕਹਿੰਦੇ ਹਨ ਕਿ ਪੁਲੀਸ ਕੋਲ ਜਦ ਸ਼ਿਕਾਇਤ ਆਉਂਦੀ ਹੈ ਤਾਂ ਪਰਿਵਾਰ ਵਾਲੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਨਿਯਮਾਂ ਅਨੁਸਾਰ ਐਫ ਆਈ ਆਰ ਦਰਜ ਕਰਨੀ ਹੀ ਪੈਂਦੀ ਹੈ।

ਹੁਣ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਜਾਂਚ ਅਧਿਕਾਰੀ ਵੀ ਕੇਸ ਦਰਜ ਕਰਨ ਤੋਂ ਪਹਿਲਾਂ ਇਹ ਨਿਸ਼ਚਿਤ ਕਰ ਲੈਣ ਕਿ ਲੜਕੀ ਬਾਲਗ ਹੈ ਜਾਂ ਨਹੀਂ।

## ਅਸਲੀਅਤ ਇਹ ਹੈ ਰਾਜਿੰਦਰਾ ਹਸਪਤਾਲ 'ਚ ਵਾਪਰੇ ਅਗਨੀ ਕਾਂਡ ਦੀ

ਪਟਿਆਲਾ- ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਅੱਗ ਲੱਗਣ ਦੀ ਘਟਨਾ ਨਾਲ ਜਿਥੇ ਲੋਕਾਂ ਦੇ ਮਨ ਵਲੂੰਧਰੇ ਗਏ ਹਨ, ਓਥੇ ਹਸਪਤਾਲ ਦੇ ਕੰਮਕਾਜ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਇਸ ਤੋਂ ਪਹਿਲਾਂ ਵੀ ਹਸਪਤਾਲ 'ਚ ਇਹੋ ਜਿਹੀਆਂ ਘਟਨਾਵਾਂ ਹੋ ਚੁੱਕੀਆਂ ਹਨ ਅਤੇ ਚਾਰ ਬੱਚਿਆਂ ਦੀ ਮੌਤ ਦਾ ਮਾਮਲਾ ਹਾਈ ਕੋਰਟ ਤੱਕ ਪੁੱਜ ਗਿਆ ਅਤੇ ਇਨ੍ਹਾਂ ਮਾਮਲਿਆਂ 'ਚ ਵੀ ਮੁੱਢਲੇ ਤੌਰ 'ਤੇ ਲਾਪ੍ਰਵਾਹੀ ਦੀ ਹੀ ਗੱਲ ਕਹੀ ਗਈ ਸੀ।

ਹੁਣ ਦਾ ਮਾਮਲਾ ਵੀ ਪਹਿਲੀ ਨਜ਼ਰੇ ਸਿਰੇ ਹੀ ਲਾਪ੍ਰਵਾਹੀ ਦਾ ਲੱਗਦਾ ਹੈ। ਸਾਰੀਆਂ ਅਖਬਾਰਾਂ 'ਚ ਛਪਿਆ ਹੈ ਕਿ ਇਨਕੂਬੇਟਰ ਨੂੰ ਅੱਗ ਲੱਗ ਜਾਣ ਕਾਰਨ 5 ਬੱਚਿਆਂ ਦੀ ਮੌਤ ਹੋਈ, ਪਰ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਉਤਰੀ ਭਾਰਤ ਦਾ ਨਾਮੀ ਹਸਪਤਾਲ ਹੋਣ ਦੇ ਬਾਵਜੂਦ ਇਸ ਹਸਪਤਾਲ 'ਚ ਇੱਕ ਵੀ ਇਨਕੂਬੇਟਰ ਨਹੀਂ, ਜਦ ਕਿ ਹਸਪਤਾਲ ਦੇ ਮਰੀਜ਼ਾਂ ਦੀ ਗਿਣਤੀ ਵੱਲ ਦੇਖਿਆ ਜਾਵੇ ਤਾਂ ਇਥੇ ਘੱਟੋ-ਘੱਟ 20 ਇਨਕੂਬੇਟਰ ਹੋਣੇ ਚਾਹੀਦੇ ਹਨ। ਹੁਣ ਸਵਾਲ ਉੱਠਦਾ ਹੈ ਕਿ ਜੇ ਹਸਪਤਾਲ 'ਚ ਇਨਕੂਬੇਟਰ ਹੀ ਨਹੀਂ ਤਾਂ ਇਨਕੂਬੇਟਰ ਦਾ ਕੰਮ ਕਿਸ ਚੀਜ਼ ਤੋਂ ਲਿਆ ਜਾਂਦਾ ਸੀ। ਦਰਅਸਲ ਲੱਕੜ ਦੇ ਫੱਟਿਆਂ ਦਾ ਇੱਕ ਵੱਡਾ ਭੰਗੂੜਾ ਬਣਾ ਕੇ ਉਸ ਦੇ ਉਪਰ 7 ਵੱਡੀਆਂ ਟਿਊਬ ਲਾਈਟਾਂ ਅਤੇ ਚਾਰੇ ਪਾਸੇ ਇੱਕ-ਇੱਕ ਹੀਟਰ ਲਾ ਕੇ ਉਸ ਤੋਂ ਹੀ ਇਨਕੂਬੇਟਰ ਦਾ ਕੰਮ ਲਿਆ ਜਾਂਦਾ ਸੀ।

ਇਥੇ ਹੀ ਬੱਸ ਨਹੀਂ ਕਿ ਸਾਰੀਆਂ 7 ਟਿਊਬਾਂ ਅਤੇ ਚਾਰੇ ਹੀਟਰਾਂ ਦੀਆਂ ਤਾਰਾਂ ਇਕੋ ਹੀ ਪਲੱਗ ਵਿੱਚ ਲਗਾਈਆਂ ਗਈਆਂ ਸਨ ਅਤੇ ਇਹ ਹੀਟਰ ਭੰਗੂੜੇ ਦੇ ਫੱਟੇ 'ਤੇ ਹੀ ਟਿਕਾਏ ਗਏ ਸਨ ਅਤੇ ਇਨ੍ਹਾਂ ਦੇ ਜੋੜ ਮਰੀਜ਼ਾਂ ਦੇ ਜ਼ਖਮਾਂ 'ਤੇ ਲਾਈ ਜਾਣ ਵਾਲੀ ਟੇਪ ਨਾਲ ਜੋੜੇ ਗਏ ਸਨ ਅਤੇ ਹਾਦਸੇ ਵਾਲੀ ਰਾਤ ਜੋੜ ਦੇ ਗਰਮ ਹੋ ਜਾਣ ਨਾਲ ਟੇਪ ਨੂੰ ਅੱਗ ਲੱਗ ਗਈ ਅਤੇ ਹਾਦਸਾ ਵਾਪਰ ਗਿਆ।

ਇਥੇ ਇਹ ਵੀ ਵਰਨਣਯੋਗ ਹੈ ਕਿ ਪਹਿਲਾਂ ਬੱਚਿਆਂ ਦੇ ਵਾਰਡ 'ਤੇ ਨਜ਼ਰ ਰੱਖਣ ਲਈ ਲੇਡੀ ਡਾਕਟਰ ਦਾ ਕਮਰਾ ਇਸ ਦੇ ਬਿਲਕੁਲ ਨਾਲ ਹੀ ਸੀ, ਪਰ ਕੁਝ ਅਰਸਾ ਪਹਿਲਾਂ ਵਿਭਾਗ ਦੇ ਮੁਖੀ ਨੇ ਇਹ ਕਮਰਾ ਉਥੋਂ ਬਦਲ ਕੇ ਘੱਟੋ-ਘੱਟ 20 ਫੁੱਟ ਦੀ ਦੂਰੀ 'ਤੇ ਕਰ ਦਿੱਤਾ, ਜਿਸ ਨਾਲ ਮੌਕੇ 'ਤੇ ਹਾਜ਼ਰ ਡਾਕਟਰ ਨੂੰ ਅੱਗ ਬਾਰੇ ਸਮੇਂ ਸਿਰ ਜਾਣਕਾਰੀ ਹੀ ਨਾ ਮਿਲ ਸਕੀ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕਮਰਾ 22 ਫੁੱਟ ਦੂਰ ਕਰਨ 'ਤੇ ਇਨਕੂਬੇਟਰ ਦੀ ਨਿਗਰਾਨੀ ਲਈ ਕਿਸੇ ਸੁਪਰਵਾਈਜ਼ਰ ਨੂੰ ਤਾਇਨਾਤ ਨਹੀਂ ਕੀਤਾ ਗਿਆ। ਹਾਦਸੇ ਵਾਲੇ ਦਿਨ ਦੀ ਜਾਣਕਾਰੀ ਅਨੁਸਾਰ ਤੜਕੇ ਦੋ ਵਜੇ ਸਟਾਫ ਨਰਸ ਨੇ ਇਨਕੂਬੇਟਰ 'ਚ ਪਏ ਬੱਚਿਆਂ ਨੂੰ ਚੈੱਕ ਕੀਤਾ ਅਤੇ ਤਕਰੀਬਨ ਪੌਣੇ ਚਾਰ ਵਜੇ ਇਨਕੂਬੇਟਰ 'ਚ ਅੱਗ ਦਿਸਣ 'ਤੇ ਬੱਚਿਆਂ ਦੇ ਵਾਰਸਾਂ ਨੇ ਅੱਗ ਬੁਝਾਈ ਅਤੇ ਤਕਰੀਬਨ ਚਾਰ ਕੁ ਵਜੇ ਉਸ ਕਮਰੇ ਦਾ ਦਰਵਾਜ਼ਾ ਖੜਕਾ-ਖੜਕਾ ਕੇ ਖੁਲ੍ਹਵਾਇਆ, ਜਿਸ 'ਚ ਡਾਕਟਰ ਮੌਜੂਦ ਸਨ। ਸਪੱਸ਼ਟ ਹੈ ਕਿ ਡਾਕਟਰ ਸੁੱਤੇ ਪਏ ਸਨ। ਇਸ ਹਸਪਤਾਲ 'ਚ ਡਾਕਟਰ ਇੰਚਾਰਜ ਵੀ ਹਮੇਸ਼ਾ ਚਰਚਾ 'ਚ ਹੀ ਰਹਿੰਦਾ ਹੈ। ਪਹਿਲਾਂ ਅੰਮ੍ਰਿਤਸਰ ਅਤੇ ਹੁਣ ਪਟਿਆਲਾ 'ਚ ਹੁੰਦਿਆਂ ਉਸ ਵਿਰੁੱਧ ਸੈਕਸ ਸਮੇਤ ਅਨੇਕਾਂ ਦੋਸ਼ ਲੱਗਦੇ ਰਹੇ ਹਨ ਅਤੇ ਜਾਣਕਾਰੀ ਤਾਂ ਇਥੋਂ ਤੱਕ ਹੈ ਕਿ ਇੱਕ ਵਾਰ ਇੱਕ ਔਰਤ ਨੇ ਉਸ ਦੇ ਥੱਪੜ ਵੀ ਜੜ ਦਿੱਤਾ ਸੀ। ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਸਰਕਾਰ ਹਸਪਤਾਲ ਦੀ ਕਾਰਜਪ੍ਰਣਾਲੀ 'ਚ ਸੁਧਾਰ ਲਿਆਵੇਗੀ ਜਾਂ ਫਿਰ ਮੈਡੀਕਲ ਕਾਲਜ ਦੀ ਪ੍ਰਿੰਸੀਪਲ ਨੂੰ ਮੁਅੱਤਲ ਕਰਨ ਦਾ ਕੰਮ ਪੂਰਾ ਹੋ ਗਿਆ ਮੰਨ ਲਵੇਗੀ।

## ਗੁਰਦੁਆਰਾ ਕਮੇਟੀ ਹਰ ਹਾਲ 'ਚ ਬਣੇਗੀ-ਝੀਂਡਾ

ਡੱਬਵਾਲੀ- 'ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਭਾਵੇਂ ਸਾਰੀਆਂ ਸਿਆਸੀ ਪਾਰਟੀਆਂ ਲੱਖ ਜ਼ੋਰ ਅਜ਼ਮਾਈ ਕਰ ਲੈਣ, ਪਰ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਹਰ ਹੀਲੇ ਬਣ ਕੇ ਰਹੇਗੀ।'' ਇਹ ਚੇਤਾਵਨੀ ਹਰਿਆਣਾ ਗੁਰਦੁਆਰਾ ਸਿੱਖ ਪ੍ਰਬੰਧਕ ਕਮੇਟੀ ਐਡਹਾਕ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਦਿੱਤੀ।

ਹਰਿਆਨਾ ਕਮੇਟੀ ਵੱਲੋਂ ਆਯੋਜਿਤ ਗੁਰਤਾ ਗੱਦੀ ਦੇ 300 ਸਾਲਾ ਨੂੰ ਸਮਰਪਿਤ ਸ਼ੁਕਰਾਨਾ ਯਾਤਰਾ ਸਥਾਨਕ ਗੁਰਦੁਆਰਾ ਕਲਗੀਧਰ ਸਿੰਘ ਸਭਾ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋਈ। ਜਿਸ ਨੂੰ ਬਾਬਾ ਚਰਨ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਹਜ਼ਾਰਾਂ ਸੰਗਤਾਂ ਦੀ ਮੌਜੂਦਗੀ ਵਿੱਚ ਜੈਕਾਰਿਆਂ ਨਾਲ ਰਵਾਨਾ ਕੀਤਾ ਗਿਆ। ਇਸ ਯਾਤਰਾ ਨਾਲ ਦਸਵੀਂ ਪਾਤਸ਼ਾਹੀ ਤੇ ਮਾਤਾ ਸਾਹਿਬ ਕੌਰ ਦੀਆਂ ਅਨਮੋਲ ਨਿਸ਼ਾਨੀਆਂ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੇ ਵੰਸ਼ਜ ਘੋੜੇ ਨੂੰ ਹਜ਼ੂਰ ਸਾਹਿਬ ਤੋਂ ਸੰਗਤਾਂ ਦੇ ਦਰਸ਼ਨਾਂ ਲਈ ਲਿਆਂਦਾ ਗਿਆ ਹੈ। ਗੁਰਦੁਆਰਾ ਵਿਸ਼ਵਕਰਮਾ ਵਿਖੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਜੀ ਦੀਆਂ ਨਿਸ਼ਾਨੀਆਂ ਅਤੇ ਘੋੜੇ ਦੇ ਦਰਸ਼ਨ ਕੀਤੇ ਤੇ ਫੁੱਲਾਂ ਦੀ ਬਰਖਾ ਕਰਕੇ ਰਵਾਨਾ ਕੀਤਾ। ਜਥੇਦਾਰ ਰਵੇਲ ਸਿੰਘ ਦੀ ਦੇਖ-ਰੇਖ ਹੇਠ ਚੱਲਣ ਵਾਲੀ ਉਕਤ ਯਾਤਰਾ ਡੱਬਵਾਲੀ ਤੋਂ ਸ਼ੁਰੂ ਹੋ ਕੇ ਪੰਜਾਬ ਅਤੇ ਹਰਿਆਣਾ ਦੇ ਵੱਖ-ਵੱਖ ਹਿੱਸਿਆਂ ਵਿਚੋਂ ਲੰਘਦੀ ਹੋਈ 6 ਮਾਰਚ ਨੂੰ ਗੁਰਦੁਆਰਾ ਨਾਡਾ ਸਾਹਿਬ (ਪੰਚਕੂਲਾ) ਵਿਖੇ ਸੰਪੰਨ ਹੋਵੇਗੀ। ਯਾਤਰਾ ’ਤੇ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਵਿਸ਼ਵਕਰਮਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਝੀਂਡਾ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ’ਤੇ ਵੀ ਸ਼ੁਕਰਾਨਾ ਯਾਤਰਾ ’ਚ ਅੜਚਨਾਂ ਪੈਦਾ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਭਾਈ ਰੂਪਾ ਵਿਖੇ ਸਥਿਤ ਗੁਰੂ ਸਾਹਿਬ ਦੀਆਂ 101 ਨਿਸ਼ਾਨੀਆਂ ਨੂੰ ਸ਼ੁਕਰਾਨਾ ਯਾਤਰਾ ਵਿੱਚ ਸ਼ਾਮਲ ਨਾ ਹੋਣ ਦੇਣ ਲਈ ਜਾਣ ਬੁਝ ਕੇ ਦੁਬਈ ਵਿੱਚ ਸੰਗਤਾਂ ਦੇ ਦਰਸ਼ਨਾਂ ਲਈ ਭਿਜਵਾ ਦਿੱਤਾ। ਜਦੋਂ ਕਿ ਚੱਕ ਫਤਿਹ ਸਿੰਘ ਵਾਲਾ ਤੋਂ ਵੀ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਮੰਗਵਾਉਣ ਵਿੱਚ ਕਮੇਟੀ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਸ਼ੁਕਰਾਨਾ ਯਾਤਰਾ ਜ਼ਰੀਏ ਐਡਹਾਕ ਕਮੇਟੀ ਦੇ ਪੰਥਕ ਯਤਨਾਂ ਵਿੱਚ ਅੜਚਨਾਂ ਪੈਦਾ ਕਰਨ ਨਾਲ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦਾ ਹਰਿਆਣਵੀ ਸਿੱਖ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਸ੍ਰੀ ਝੀਂਡਾ ਨੇ ਹਰਿਆਣਾ ਦੀ ਹੁੱਡਾ ਸਰਕਾਰ ’ਤੇ ਵੱਖਰੀ ਕਮੇਟੀ ਦੇ ਮੁੱਦੇ ’ਤੇ ਹਰਿਆਣਵੀ ਸਿੱਖਾਂ ਨਾਲ ਧੋਖਾ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨੋਮਹਨ ਸਿੰਘ ਵੀ ਵੱਖਰੀ ਕਮੇਟੀ ਨੂੰ ਹੋਂਦ ਵਿੱਚ ਆਉਣ ’ਚ ਅਪ੍ਰਤੱਖ ਰੂਪ ’ਚ ਵੱਡੀ ਰੁਕਾਵਟ ਬਣ ਰਹੇ ਹਨ।

ਉਨ੍ਹਾਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਾਂਗ ਅਗਾਮੀ ਲੋਕ ਸਭਾ ਚੋਣਾਂ ਵਿੱਚ ਐਡਹਾਕ ਕਮੇਟੀ ਵੱਲੋਂ ਕਾਂਗਰਸ ਪਾਰਟੀ ਦੇ ਸਮਰਥਨ ਸਬੰਧੀ ਬਾਰੇ ਇੱਕ ਸੁਆਲ ਦੇ ਜਵਾਬ ਵਿੱਚ ਕਿਹਾ ਕਿ ਸ਼ੁਕਰਾਨਾ ਯਾਤਰਾ ਦੇ 6 ਮਾਰਚ ਨੂੰ ਸੰਪੰਨ ਹੋਣ ਉਪਰੰਤ ਕੁਰੂਕਸ਼ੇਤਰ ਵਿੱਚ ਸੂਬੇ ਦੀਆਂ ਸਿੱਖ ਸੰਗਤਾਂ ਦਾ ਵਿਸ਼ਾਲ ਇਕੱਠ ਕਰਕੇ ਸਿੱਖ ਭਾਵਨਾਵਾਂ ਦੇ ਅਨੁਰੂਪ ਹੀ ਕੋਈ ਫੈਸਲਾ ਲਿਆ ਜਾਵੇਗਾ। ਉਨ੍ਹਾਂ ਪੱਤਰਕਾਰਾਂ ਵੱਲੋਂ ਐਡਹਾਕ ਕਮੇਟੀ ਦੇ ਜਰਨਲ ਸਕੱਤਰ ਦੀਦਾਰ ਸਿੰਘ ਨਲਵੀ ਵੱਲੋਂ ਲਗਾਏ ਦੋਸ਼ਾਂ ’ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਹਰਿਆਣਾ ਕਮੇਟੀ ਦੇ ਬਹੁਗਿਣਤੀ ਮੈਂਬਰ ਸਾਡੇ ਨਾਲ ਹਨ ਤੇ ਸਾਡਾ ਮੁੱਖ ਟੀਚਾ ਹਰਿਆਣਾ ਦੀ ਵੱਖਰੀ ਕਮੇਟੀ ਦਾ ਗਠਨ ਹੈ।

### *ਬਦਲਾ ਫ਼ਿਜ਼ਾ ਦਾ*

### ਹੁਣ ਤੱਕ ਬਿਸ਼ਨੋਈਆਂ ਨੇ ਫਿਜ਼ਾ ਦਾ ਪਿਆਰ ਦੇਖਿਆ ਹੈ ਅਤੇ ਹੁਣ ਦੂਸਰਾ ਰੂਪ ਵੀ ਦੇਖਣਗੇ

ਮੋਹਾਲੀ- ਹਰਿਆਣਾ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਚੰਦਰ ਮੋਹਨ ਉਰਫ ਚਾਂਦ ਮੁਹੰਮਦ ਦੀ ਦੂਜੀ ਪਤਨੀ ਅਨੁਰਾਧਾ ਬਾਲੀ ਉਰਫ਼ ਫਿਜ਼ਾ ਨੇ ਚਾਂਦ ਮੁਹੰਮਦ ਦੀ ਕਥਿਤ ਜੁਦਾਈ ਤੋਂ ਪ੍ਰੇਸ਼ਾਨ ਹੋ ਕੇ ਅੱਜ ਆਪਣੇ ਨਿਵਾਸ ਸਥਾਨ ਸੈਕਟਰ 48 ਸੀ ਦੇ ਸਾਹਮਣੇ ਆਯੋਜਿਤ ਇੱਕ ਪੱਤਰਕਾਰ ਸੰਮੇਲਨ ਦੌਰਾਨ ਬਿਸ਼ਨੋਈ ਪਰਿਵਾਰ ਨੂੰ ਚਿਤਾਵਨੀ ਭਰੇ ਅੰਦਾਜ਼ ਵਿੱਚ ਕਿਹਾ ਕਿ ਹੁਣ ਤੱਕ ਉਨ੍ਹਾਂ ਨੇ ਔਰਤ ਦਾ ਪਿਆਰ ਦੇਖਿਆ ਹੈ ਅਤੇ ਹੁਣ ਦੂਸਰਾ ਰੂਪ ਵੀ ਦੇਖਣਗੇ। ਉਸਨੇ ਮੀਡੀਆ ਨੂੰ ਕਿਹਾ ਕਿ ਉਹ ਚਾਂਦ ਨੂੰ ਪੁੱਛਣ ਕਿ ਉਹ ਵਾਅਦੇ ਕਿਥੇ ਗਏ ਜਿਹੜੇ ਉਸਨੇ ਮੀਡੀਆ ਦੇ ਸਾਹਮਣੇ ਹੀ ਕੀਤੇ ਸਨ। ਫਿਜ਼ਾ ਨੇ ਸਪੱਸ਼ਟ ਕਿਹਾ ਕਿ ਚਾਂਦ ਅਤੇ ਫਿਜ਼ਾ ਨੇ ਪੂਰੀ ਤਰ੍ਹਾਂ ਸੋਚ ਸਮਝ ਕੇ ਵਿਆਹ ਕੀਤਾ ਸੀ ਅਤੇ ਇਹ ਅਚਾਨਕ ਨਹੀਂ ਵਾਪਰਿਆ ਨਾ ਹੀ ਉਸਨੇ (ਫਿਜ਼ਾ) ਕੋਈ ਬਲੇਕਮੇਲਿੰਗ ਕੀਤੀ ਹੈ ਸਗੋਂ ਚਾਂਦ ਪਿਛਲੇ ਕਈ ਸਾਲਾਂ ਤੋਂ ਉਸਨੂੰ ਐਸ.ਐਮ.ਐਸ. ਭੇਜ ਕੇ ਵਿਆਹ ਲਈ ਕਹਿ ਰਹੇ ਸਨ।

ਫਿਜ਼ਾ ਨੇ ਸਾਲ 2006 ਤੋਂ ਲੈ ਕੇ ਦਸੰਬਰ 2008 ਤੱਕ ਚੰਦਰ ਮੋਹਨ ਦੇ ਆਏ ਐਸ.ਐਮ.ਐਸ. ਵੀ ਪੱਤਰਕਾਰਾਂ ਨੂੰ ਦਿਖਾਏ ਜਿਸ ਵਿਚ ਚੰਦਰ ਮੋਹਨ ਨੇ ਕਿਹਾ ਸੀ, “ਪਲੀਜ਼ ਮੈਰੀ ਮੀ, ਆਈ ਐਮ ਵੈਰੀ ਸਟਰੈਸਡ ਅਤੇ ਅਨੂੰ ਕਾਲ ਮੀ ਪਲੀਜ਼ ਆਈ ਐਮ ਡਾਇੰਗ’ ਆਦਿ। ਉਸ ਨੇ ਇੱਕ ਅਜਿਹਾ ਮੈਸੇਜ ਵੀ ਦਿਖਾਇਆ ਜਿਸ ਵਿੱਚ ਚੰਦਰ ਮੋਹਨ ਨੇ ਲਿਖਿਆ ਸੀ ਕਿ ਉਸ ਦੇ ਪਰਿਵਾਰ ਵਾਲਿਆਂ ਨੇ ਉਸਦੇ ਖੂਨ ਵਿੱਚ ਸ਼ੀਸ਼ਾ ਮਿਲਾ ਦਿੱਤਾ ਹੈ ਇਸ ਲਈ ਉਹ (ਫਿਜ਼ਾ) ਉਸਦੀ ਮੱਦਦ ਕਰੇ। ਜਦੋਂ ਉਹ ਲਗਾਤਾਰ ਮੈਸੇਜ ਦਿਖਾ ਰਹੀ ਸੀ ਤਾਂ ਪੱਤਰਕਾਰਾਂ ਨੇ ਉਸਨੂੰ ਮੁੱਦੇ ’ਤੇ ਆਉਣ ਲਈ ਕਿਹਾ ਤਾਂ ਫਿਜ਼ਾ ਨੇ ਕਿਹਾ ਕਿ ਉਹ ਇਹ ਮੈਸੇਜ ਸਿਰਫ ਇਸ ਲਈ ਦਿਖਾ ਰਹੀ ਹੈ ਕਿਉਂਕਿ ਸੰਭਵ ਹੈ ਕਿ ਕੱਲ੍ਹ ਇਹ ਮੋਬਾਈਲ ਉਸ ਕੋਲ ਨਾ ਰਹੇ ਅਤੇ ਉਹ ਖੁਦ ਵੀ ਨਾ ਰਹੇ। ਉਸਨੇ ਕਿਹਾ ਕਿ ਉਨ੍ਹਾਂ ਦੀ ਪਿਆਰ ਕਹਾਣੀ ਪਿਛਲੇ ਕਈ ਸਾਲ ਪੁਰਾਣੀ ਹੈ। ਉਸਨੇ ਬੀਤੇ ਸਾਲ ਦੌਰਾਨ ਚੰਦਰ ਮੋਹਨ ਵਲੋਂ ਭੇਜੇ ਗਏ ਐਸ.ਐਮ ਐਸ. ਦਾ ਪੂਰਾ ਚਿੱਠਾ ਦਿਖਾਇਆ ਅਤੇ ਮੀਡੀਆ ਨੂੰ ਸਵਾਲ ਕੀਤਾ ਕਿ ਹੁਣ ਦੱਸੋ ਬਲੈਕਮੇਲ ਕੌਣ ਕਰ ਰਿਹਾ ਹੈ ਫਿਜ਼ਾ ਜਾਂ ਚਾਂਦ ਮੁਹੰਮਦ।

ਇੱਕ ਸਵਾਲ ਦੇ ਜਵਾਬ ਵਿੱਚ ਫਿਜ਼ਾ ਨੇ ਕਿਹਾ ਕਿ ਜੇਕਰ ਚਾਂਦ ਮੁਹੰਮਦ ਨੇ ਸਿਰਫ ਵਿਆਹ ਕਰਵਾਉਣ ਲਈ ਧਰਮ ਪਰਿਵਰਤਨ ਕੀਤਾ ਹੈ ਤਾਂ ਬਹੁਤ ਗਲਤ ਹੈ ਕਿਉਂਕਿ ਉਨ੍ਹਾਂ ਅਜਿਹਾ ਕਰਕੇ ਨਾ ਸਿਰਫ਼ ਮੁਸਲਿਮ ਧਰਮ ਦਾ ਅਪਮਾਨ ਕੀਤਾ ਹੈ ਬਲਕਿ ਪੂਰੀ ਔਰਤ ਜਾਤ ਦਾ

ਅਪਮਾਨ ਕੀਤਾ ਹੈ। ਉਸਨੇ ਸਪੱਸ਼ਟ ਕਿਹਾ ਕਿ ਉਹ ਸੱਚੇ ਦਿਲ ਤੋਂ ਮੁਸਲਿਮ ਬਣੀ ਹੈ ਅਤੇ ਹੁਣ ਮਰਦੇ ਦਮ ਤੱਕ ਮੁਸਲਿਮ ਹੀ ਰਹੇਗੀ। ਉਸਨੇ ਕਿਹਾ ਕਿ ਉਸ ਦਾ ਸਭ ਕੁਝ ਖਤਮ ਹੋ ਗਿਆ ਨਾ ਪਿਆਰ ਰਿਹਾ, ਨਾ ਨੌਕਰੀ ਅਤੇ ਨਾ ਹੀ ਇੱਜ਼ਤ। ਹੁਣ ਉਸ ਕੋਲ ਕੁਝ ਵੀ ਨਹੀਂ ਹੈ।

ਉਸ ਨੇ ਕਿਹਾ ਕਿ ਜੇਕਰ ਅਜਿਹੇ ਅਜਗਰ ਰੂਪੀ ਬੱਚੇ ਨੂੰ ਰਾਜਨੀਤੀ ਵਿੱਚ ਸੱਤਾ ਸੌਂਪੀ ਜਾਂਦੀ ਹੈ ਤਾਂ ਫਿਰ ਕੋਈ ਵੀ ਸੁਰੱਖਿਅਤ ਨਹੀਂ ਰਹਿ ਸਕਦਾ। ਫਿਜ਼ਾ ਨੇ ਦਾਅਵਾ ਕੀਤਾ ਕਿ ਨਿਕਾਹ ਤੋਂ ਪਹਿਲਾਂ ਚੌਧਰੀ ਭਜਨ ਲਾਲ ਅਤੇ ਸੀਮਾ ਬਿਸ਼ਨੋਈ ਉਸਦੇ ਘਰ ਆਏ ਸਨ ਅਤੇ ਵੱਡਾ ਡਰਾਮਾ ਕਰਦੇ ਹੋਏ ਕਿਹਾ ਸੀ ਕਿ ਚੰਦਰ ਮੋਹਨ ਨੂੰ ਇਥੇ ਆਉਣ ਤੋਂ ਮਨਾਂ ਕਰੋ। ਫਿਜ਼ਾ ਅਨੁਸਾਰ ਇਸ 'ਤੇ ਉਸ ਦੀ ਮਾਤਾ ਜੀ ਨੇ ਕਿਹਾ ਸੀ ਕਿ ਉਨ੍ਹਾਂ ਕੋਲ ਤਾਂ ਕਮਾਂਡੋ ਹਨ ਉਹ ਹੀ ਉਸ ਨੂੰ ਇਥੇ ਆਉਣ ਤੋਂ ਰੋਕ ਲੈਣ। ਫਿਜ਼ਾ ਨੇ ਕਿਹਾ ਕਿ ਉਸਨੂੰ ਉਸਦੇ ਜਾਣ ਪਛਾਣ ਵਾਲਿਆਂ ਰਾਹੀਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਉਸਨੂੰ ਦੋ ਮਹੀਨਿਆਂ ਦੇ ਅੰਦਰ ਖਤਮ ਕਰ ਦਿੱਤਾ ਜਾਵੇਗਾ। ਜੇਕਰ ਚਾਂਦ ਮੁਹੰਮਦ ਉਰਫ ਚੰਦਰ ਮੋਹਨ ਆਪਣੀ ਪਹਿਲੀ ਪਤਨੀ ਸੀਮਾ ਦੇ ਨਾਲ ਉਸਨੂੰ ਰੱਖਣਾ ਚਾਹੁੰਦਾ ਹੈ ਤਾਂ ਕੀ ਉਸਨੂੰ ਮਨਜ਼ੂਰ ਹੋਵੇਗਾ, ਦੇ ਉੱਤਰ ਵਿੱਚ ਫ਼ਿਜ਼ਾ ਨੇ ਇਨਕਾਰ ਕਰਦੇ ਹੋਏ ਕਿਹਾ ਕਿ ਇਸ ਤੋਂ ਪਹਿਲਾਂ ਸੀਮਾ ਨੂੰ ਆਪਣਾ ਧਰਮ ਪਰਿਵਰਤਨ ਕਰਨਾ ਹੋਵੇਗਾ। ਚਾਂਦ ਨਾਲ ਸਮਝੌਤਾ ਨਾ ਹੋਣ ਦੀ ਸੂਰਤ ਵਿੱਚ ਕੀ ਉਹ ਉਸਦੇ ਖਿਲਾਫ਼ ਚੋਣ ਲੜੇਗੀ ਜਾਂ ਉਸਦੇ ਵਿਰੁੱਧ ਪ੍ਰਚਾਰ ਕਰੇਗੀ ਦੇ ਉੱਤਰ ਵਿੱਚ ਫਿਜ਼ਾ ਨੇ ਕਿਹਾ ਕਿ ਜਦੋਂ ਤੱਕ ਚਾਂਦ ਉਸਨੂੰ ਮਿਲ ਕੇ ਸਥਿਤੀ ਸਪੱਸ਼ਟ ਨਹੀਂ ਕਰਦੇ ਉਦੋਂ ਤੱਕ ਉਹ ਕੁਝ ਵੀ ਨਹੀਂ ਕਹਿ ਸਕਦੀ ਪਰ ਕਈ ਰਾਜਨੀਤਿਕ ਪਾਰਟੀਆਂ ਉਸ ਨਾਲ ਸੰਪਰਕ ਕਰ ਰਹੀਆਂ ਹਨ। ਉੱਧਰ ਫਿਜ਼ਾ ਨੂੰ ਇਸ ਲਵ ਸਟੋਰੀ ਦੇ ਲਈ ਇੱਕ ਫ਼ਿਲਮ ਵਿੱਚ ਕੰਮ ਕਰਨ ਦੇ ਲਈ ਕੈਨੇਡਾ ਦੀ ਫਰਮ ਇੰਡੀਆ ਪੈਸੀਫਿਕ ਮੀਡੀਆ ਅਤੇ ਮੂਵੀਜ਼ ਨੇ 24 ਕਰੋੜ ਦੀ ਪੇਸ਼ਕਸ਼ ਕਰ ਦਿੱਤੀ ਹੈ। ਕੰਪਨੀ ਦੇ ਬੁਲਾਰੇ ਅਨੁਸਾਰ ਇਸ ਫ਼ਿਲਮ ਨੂੰ ਅਮਰੀਕਾ ਅਤੇ ਕੈਨੇਡਾ ਵਿੱਚ ਬਣਾਉਣ ਦਾ ਪ੍ਰਸਤਾਵ ਹੈ। ਫਿਜ਼ਾ ਨੇ ਇਹ ਖੁਲਾਸਾ ਨਹੀਂ ਕੀਤਾ ਕਿ ਉਸ ਨੇ ਪੇਸ਼ਕਸ਼ ਕਬੂਲੀ ਹੈ ਜਾਂ ਨਹੀਂ। ਪਰ ਕੰਪਨੀ ਇਸ ਫ਼ਿਲਮ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੂਰਾ ਕਰਨਾ ਚਾਹੁੰਦੀ ਹੈ।

## ਦੇਸ਼ ਧ੍ਰੋਹ ਦੇ ਮਾਮਲੇ 'ਚ ਮਾਨ ਅਤੇ ਮੰਡ ਸਮੇਤ 5 ਬਰੀ

ਬਠਿੰਡਾ- ਇਥੇ ਫਾਸਟ ਟਰੈਕ ਅਦਾਲਤ ਨੇ ਦੇਸ਼ ਧ੍ਰੋਹ ਦੇ ਮੁਕੱਦਮੇ ਵਿਚੋਂ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਅਤੇ ਸਾਬਕਾ ਐਮ. ਪੀ. ਸ: ਸਿਮਰਨਜੀਤ ਸਿੰਘ ਮਾਨ, ਸਾਬਕਾ ਐਮ. ਪੀ. ਭਾਈ ਧਿਆਨ ਸਿੰਘ ਮੰਡ, ਕੌਮੀ ਪ੍ਰਧਾਨ ਯੂਥ ਵਿੰਗ ਬਰਿੰਦਰ ਸਿੰਘ ਮਾਨ, ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ ਅਤੇ ਚਰਨ ਸਿੰਘ ਲੁਹਾਰਾ ਨੂੰ ਬਰੀ ਕਰ ਦਿੱਤਾ ਹੈ। ਉਕਤਾਂ ਵਿਰੁੱਧ ਥਾਣਾ ਤਲਵੰਡੀ ਸਾਬੋ ਪੁਲਿਸ ਨੇ 8 ਜੂਨ, 2006 ਨੂੰ ਦਮਦਮਾ ਸਾਹਿਬ ਦੇ ਮਸਤੂਆਣਾ ਗੁਰਦੁਆਰੇ ਵਿੱਚ ਸਿਮਰਨਜੀਤ ਸਿੰਘ ਮਾਨ ਵੱਲੋਂ ਕਥਿਤ ਭੜਕਾਊ ਪ੍ਰਚਾਰ ਦੇ ਦੋਸ਼ ਹੇਠ ਇਹ ਮੁਕੱਦਮਾ ਦਰਜ ਕਰ ਦਿੱਤਾ ਸੀ। ਇਹ ਸਮਾਗਮ 1984 ਦੇ ਆਪਰੇਸ਼ਨ ਬਲਿਊ ਸਟਾਰ ਦੇ ਘੱਲੂਘਾਰੇ ਸੰਬੰਧੀ ਮਨਾਏ ਜਾ ਰਹੇ ਰੋਸ ਹਫ਼ਤੇ ਦੇ ਬਾਰੇ ਸੀ। ਇਸ ਤੋਂ ਮਗਰੋਂ ਕਈ ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ। ਇਹ ਵੀ ਵਰਣਨਯੋਗ ਹੈ ਕਿ ਉਕਤ ਆਗੂਆਂ ਦੇ ਮੁਕੱਦਮੇ ਦੀ ਪੈਰਵੀ ਵਕੀਲ ਨਰਦੇਵ ਸਿੰਘ ਧਾਲੀਵਾਲ ਕਰ ਰਹੇ ਸਨ, ਜਿਨ੍ਹਾਂ ਦੀ ਕੁਝ ਦਿਨ ਪਹਿਲਾਂ ਅਦਾਲਤ ਵਿੱਚ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ।

## ਕਲਾਕਾਰ ਯੂਨੀਅਨ ਦੇ ਹੰਸ ਰਾਜ ਹੰਸ ਤੋਂ ਕਿਨਾਰਾ ਕਰਨ ਦੀਆਂ ਕਨਸੋਆਂ

ਕੋਟਕਪੂਰਾ- ਆਗਾਮੀ ਲੋਕ ਸਭਾ ਚੋਣਾਂ ਲਈ ਚੋਣ ਜ਼ਾਬਤਾ ਲਾਗੂ ਹੋਣ ਵਿੱਚ ਕੁਝ ਕੁ ਦਿਨ ਬਾਕੀ ਹਨ ਤੇ ਵੋਟਰਾਂ ਨੂੰ ਭਰਮਾਉਣ ਲਈ ਅਕਾਲੀ ਦਲ ਵਲੋਂ ਲੋਕਾਂ ਨਾਲ ਕਈ ਅਜਿਹੇ ਵਾਅਦੇ ਕੀਤੇ ਗਏ ਹਨ, ਜੋ ਚੋਣ ਜ਼ਾਬਤੇ ਤੋਂ ਪਹਿਲਾਂ ਲਾਗੂ ਹੋਣੇ ਮੁਸ਼ਕਲ ਜਾਪ ਰਹੇ ਹਨ। ਸਪੱਸ਼ਟ ਹੈ ਕਿ ਇਸ ਸਭ ਕਾਸੇ ਦਾ ਅਕਾਲੀ ਦਲ ਨੂੰ ਲੋਕ ਸਭਾ ਚੋਣਾਂ ਵਿੱਚ ਖਮਿਆਜ਼ਾ ਵੀ ਭੁਗਤਣਾ ਪੈ ਸਕਦਾ ਹੈ। ਪਾਰਟੀ ਵਲੋਂ ਜਲੰਧਰ ਸੀਟ ਲਈ ਮੈਦਾਨ ਵਿੱਚ ਉਤਾਰੇ ਗਏ ਉਮੀਦਵਾਰ ਹੰਸ ਰਾਜ ਹੰਸ ਦੀ ਸਥਿਤੀ ਸੰਗੀਤ ਜਗਤ ਨੂੰ ਪਾਇਰੇਸੀ ਵਿਰੁੱਧ ਗੁੰਡਾ ਐਕਟ ਲਾਗੂ ਕਰਨ ਦੇ ਦਿੱਤੇ ਭਰੋਸੇ ਨੇ ਹੋਰ ਹਾਸੋਹੀਣੀ ਕਰ ਦਿੱਤੀ ਹੈ। ਬੇਸ਼ੱਕ ਹਰ ਵਾਰ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਸਟੇਜਾਂ 'ਤੇ ਸੰਗੀਤ ਰਾਹੀਂ ਲੋਕਾਂ ਦਾ ਮੰਨੋਰੰਜਨ ਕਰ ਕੇ ਇਕੱਠ ਨੂੰ ਬੰਨ੍ਹੀ ਰੱਖਣ ਲਈ ਮਸ਼ਹੂਰ ਗਾਇਕ ਦੇਖੇ ਜਾਂਦੇ ਹਨ, ਉਹ ਇਸ ਵਾਰ ਸ਼ਾਇਦ ਨਾ ਦਿਸਣ ਜਾਂ ਪੰਜਾਬ ਭਰ ਵਿੱਚ ਕਿਸੇ ਇੱਕੋ ਹੀ ਪਾਰਟੀ ਦੀ ਸਟੇਜ ਤੋਂ ਹੀ ਦਿਖਾਈ ਦੇਣ, ਕਿਉਂਕਿ ਇਸ ਸਮੇਂ ਉਕਤ ਗਾਇਕਾਂ ਦੀਆਂ ਮੰਗਾਂ ਮੰਨਣ ਦਾ ਭਰੋਸਾ ਦੇ ਕੇ ਉਨ੍ਹਾਂ ਨੂੰ ਅਕਾਲੀ ਦਲ ਤੋਂ ਇਲਾਵਾ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਤੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਮੈਂਬਰ ਰਾਜ ਸਭਾ ਅਵਤਾਰ ਸਿੰਘ ਕਰੀਮਪੁਰੀ ਵੀ ਆਪਣੇ ਵੱਲ ਖਿੱਚਣ ਦਾ ਯਤਨ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਕਲਾਕਾਰਾਂ ਦੇ ਲੰਮੇ ਸਮੇਂ ਤੋਂ ਚਲੇ ਆ ਰਹੇ ਆਗੂ ਸਰਦੂਲ ਸਿਕੰਦਰ, ਗੁਰਦਾਸ ਮਾਨ ਅਤੇ ਬੱਬੂ ਮਾਨ ਆਦਿ ਦੀ ਗੈਰ-ਹਾਜ਼ਰੀ ਵਿੱਚ ਹੰਸ ਰਾਜ ਹੰਸ ਨੇ ਇਕੱਠ ਬੁਲਾ ਕੇ ਉਨ੍ਹਾਂ ਦਾ ਸਮਰਥਨ ਹਾਸਲ ਕਰਨ ਲਈ ਗੁੰਡਾ ਐਕਟ ਲਾਗੂ ਕਰਨ ਦਾ ਵਾਅਦਾ ਤਾਂ ਕਰ ਲਿਆ

ਸੀ, ਪਰ ਹੁਣ ਜਦੋਂ ਚੋਣ ਜ਼ਾਬਤਾ ਲਾਗੂ ਹੋਣ ਵਿੱਚ ਕੁਝ ਕੁ ਦਿਨ ਬਾਕੀ ਰਹਿ ਗਏ ਹਨ ਤਾਂ ਸੰਗੀਤ ਉਦਯੋਗ ਨਾਲ ਜੁੜੇ ਲੋਕਾਂ ਦੀ ਆਸ਼ਾ, ਨਿਰਾਸ਼ਾ ਵਿੱਚ ਬਦਲਣ ਲੱਗੀ ਹੈ। ਪਤਾ ਲੱਗਾ ਹੈ ਕਿ ਕਲਾਕਾਰ ਆਗੂ ਹੁਣ ਹੋਰ ਵਿਕਲਪਾਂ 'ਤੇ ਵੀ ਸੋਚ-ਵਿਚਾਰ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ ਹੈ ਕਿਸੇ ਅਜਿਹੀ ਰਾਜਨੀਤਕ ਪਾਰਟੀ ਦਾ ਸਮਰਥਨ ਕੀਤਾ ਜਾਵੇ, ਜੋ ਉਨ੍ਹਾਂ ਦੀਆਂ ਮੰਗਾਂ ਨੂੰ ਪੂਰੀਆਂ ਕਰਵਾ ਕੇ ਇਸ ਵਰਗ ਦਾ ਮਹੱਤਵ ਵੀ ਸਮਝੇ।

ਕਲਾਕਾਰ ਆਗੂਆਂ ਨੇ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਅਖਬਾਰਾਂ ਵਿੱਚ ਛਪੀ ਇਹ ਖਬਰ ਗਲਤ ਹੈ ਕਿ ਕਲਾਕਾਰ ਫੋਰਮ ਨੇ ਆਪਣਾ ਸਮਰਥਨ ਹੰਸ ਰਾਜ ਹੰਸ ਨੂੰ ਦੇ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਕਈ ਰਾਜਨੀਤਕ ਪਾਰਟੀਆਂ ਵਲੋਂ ਉਨ੍ਹਾਂ ਨਾਲ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ, ਪਰ ਕਲਾਕਾਰ ਯੂਨੀਅਨ ਨੇ ਫੈਸਲਾ ਕੀਤਾ ਹੈ ਕਿ ਉਹ ਉਸ ਪਾਰਟੀ ਨਾਲ ਹੀ ਸਹਿਮਤੀ ਉਠਾਉਣ ਦਾ ਯਤਨ ਕਰਨਗੇ, ਜਿਹੜੀ ਪਾਰਟੀ ਪਾਇਰੇਸੀ ਨੂੰ ਰੋਕਣ ਵਾਸਤੇ ਛੇੜੇ ਗਏ ਸੰਘਰਸ਼ ਨੂੰ ਮੰਜ਼ਿਲ ਤੱਕ ਲੈ ਕੇ ਜਾਵੇਗੀ।

## ਵਿਆਹਾਂ 'ਚ ਚਲਾਏ ਜਾ ਰਹੇ ਹਨ ਨਕਲੀ ਨੋਟ

ਲੁਧਿਆਣਾ- ਸ਼ਹਿਰ 'ਚ ਆਯੋਜਿਤ ਵਿਆਹ ਸਮਾਰੋਹ ਜਾਂ ਸ਼ਗਨ 'ਚ ਧੜੱਲੇ ਨਾਲ ਜਾਅਲੀ ਨੋਟ ਚਲਾਏ ਜਾ ਰਹੇ ਹਨ। ਦਰਅਸਲ ਬੈਂਕ ਅਧਿਕਾਰੀ ਅਕਸਰ ਨੋਟ ਗਿਣਦੇ ਸਮੇਂ ਨਕਲੀ ਦੇ ਸ਼ੱਕ 'ਚ ਵੱਡੇ ਨੋਟ ਕੱਢ ਕੇ ਗਾਹਕ ਨੂੰ ਵਾਪਸ ਕਰ ਦਿੰਦੇ ਹਨ। ਨਾਲ ਹੀ ਕਈ ਵਾਰ ਨੋਟ 'ਤੇ ਮਾਰਕ ਵੀ ਕਰ ਦਿੱਤਾ ਜਾਂਦਾ ਹੈ, ਤਾਂ ਕਿ ਇਸ ਨੋਟ ਦੀ ਕਿਸੇ ਹੋਰ ਜਗ੍ਹਾ ਵਰਤੋਂ ਨਾ ਹੋ ਸਕੇ। ਪਰ ਦੁਨੀਆ 'ਚ ਸ਼ਾਤਰ ਲੋਕਾਂ ਦੀ ਕਮੀ ਨਹੀਂ ਹੈ। ਬਜ਼ਾਰ 'ਚ ਇਸ ਨੋਟ ਨੂੰ ਚਲਾਉਣ ਨਾਲ ਫੜਨ ਦਾ ਡਰ ਅਤੇ ਆਪਣੇ ਕੋਲ ਸੁਰੱਖਿਅਤ ਰੱਖਣ ਨਾਲ ਆਰਥਿਕ ਨੁਕਸਾਨ। ਅਜਿਹੇ 'ਚ ਲੋਕਾਂ ਨੇ ਇੱਕ ਨਵਾਂ ਰੁਖ਼ ਅਖ਼ਤਿਆਰ ਕੀਤਾ ਹੈ। ਇਨ੍ਹਾਂ ਨੋਟਾਂ ਨੂੰ ਹੁਣ ਧੜੱਲੇ ਨਾਲ ਵਿਆਹ-ਸ਼ਾਦੀਆਂ ਅਤੇ ਧਾਰਮਿਕ ਸਥਾਨਾਂ 'ਤੇ ਚਲਾਇਆ ਜਾ ਰਿਹਾ ਹੈ।

ਪਿਛਲੇ ਦਿਨੀਂ ਇੱਕ ਵਿਆਹ ਸਮਾਰੋਹ ਦੌਰਾਨ ਕੁਝ ਲੋਕਾਂ ਨੇ ਸ਼ਗਨ ਦੇ ਲਿਫਾਫਿਆਂ 'ਚ ਪੰਜ-ਪੰਜ ਸੌ ਰੁਪਏ ਦੇ ਜਾਅਲੀ ਨੋਟ ਪਾ ਕੇ ਸ਼ਗਨ ਦੇ ਦਿੱਤਾ। ਵਿਆਹ ਦੇ ਬਾਅਦ ਜਦ ਆਯੋਜਕਾਂ ਨੇ ਲਿਫਾਫੇ ਖੋਲ੍ਹੇ ਤਾਂ ਕਈ ਸ਼ਗਨ ਵਾਲੇ ਲਿਫਾਫਿਆਂ 'ਚ ਜਾਅਲੀ ਨੋਟ ਪਾਏ ਗਏ। ਉਨ੍ਹਾਂ ਨੇ ਇੱਕ ਨੇੜਲੇ ਮਿੱਤਰ ਨੂੰ ਫੋਨ 'ਤੇ ਉਲ੍ਹਾਂਭਾ ਵੀ ਦਿੱਤਾ ਕਿ ਸ਼ਗਨ ਦੇਣਾ ਕੋਈ ਮਜਬੂਰੀ ਨਹੀਂ ਹੈ। ਜਾਅਲੀ ਨੋਟ ਚਲਾਉਣ ਲਈ ਇਹ ਰਸਤਾ ਅਖ਼ਤਿਆਰ ਕਰਨਾ ਬਿਲਕੁਲ ਗਲਤ ਹੈ। ਸ਼ਗਨ ਦੇਣ ਵਾਲੇ ਨੇ ਗਲਤੀ ਨਾਲ ਸ਼ਗਨ ਦੇ ਲਿਫਾਫੇ 'ਚ ਜਾਅਲੀ ਨੋਟ ਚਲੇ ਜਾਣ ਦਾ ਬਹਾਨਾ ਅਤੇ ਖੁਦ ਨੋਟ ਬਦਲਣ ਲਈ ਉਨ੍ਹਾਂ ਦੇ ਘਰ ਚਲਾ ਗਿਆ।

ਦੂਜੇ ਪਾਸੇ ਇੱਕ ਮੰਦਰ ਕਮੇਟੀ ਦੇ ਮੈਂਬਰ ਨੇ ਦੱਸਿਆ ਕਿ ਕੁਝ ਲੋਕ ਇਸ ਤਰ੍ਹਾਂ ਦੇ ਜਾਅਲੀ ਅਤੇ ਫਟੇ-ਪੁਰਾਣੇ ਨੋਟ ਮੰਦਰ ਦੀ ਗੋਲਕ 'ਚ ਪਾ ਜਾਂਦੇ ਹਨ, ਜਿਨ੍ਹਾਂ ਦਾ ਪਤਾ ਗੋਲਕ ਖੋਲ੍ਹਣ ਦੇ ਬਾਅਦ ਹੀ ਚੱਲਦਾ ਹੈ, ਇਹ ਨੋਟ ਮੰਦਰ ਕਮੇਟੀ ਲਈ ਪਰੇਸ਼ਾਨੀ ਦਾ ਕਾਰਨ ਬਣਦੇ ਹਨ।

## ਆਪਣੇ ਪਿਤਾ ਨਾਲ ਧੋਖਾ ਕਰਨ ਵਾਲੀ ਧੀ ਦੀ ਗੋਲੀਆਂ ਮਾਰ ਕੇ ਹੱਤਿਆ

ਡੇਹਲੋਂ- ਥਾਣਾ ਡੇਹਲੋਂ ਅਧੀਨ ਪੈਂਦੇ ਪਿੰਡ ਮਹੇਰਨਾ ਕਲਾਂ ਵਿਖੇ ਇੱਕ ਬਾਪ ਵਲੋਂ ਆਪਣੀ ਧੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦੇਣ ਦਾ ਦਰਦਨਾਕ ਸਮਾਚਾਰ ਪ੍ਰਾਪਤ ਹੋਇਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇੰਦਰਜੀਤ ਕੌਰ ਪੁੱਤਰੀ ਨਿਰਮਲ ਸਿੰਘ ਵਾਸੀ ਮਹੇਰਨਾ ਕਲਾਂ ਦੇ ਆਪਣੇ ਹੀ ਪਿੰਡ ਦੇ ਇੱਕ ਲੜਕੇ ਨਾਲ ਪ੍ਰੇਮ ਸੰਬੰਧ ਸਨ, ਜਿਸ ਦਾ ਪਤਾ ਲੜਕੀ ਦੇ ਪਿਤਾ ਨੂੰ ਲੱਗਣ 'ਤੇ ਪਹਿਲਾਂ ਉਸ ਨੇ ਆਪਣੀ ਲੜਕੀ ਨੂੰ ਸਮਝਾਇਆ, ਪਰ ਅਖੀਰ ਉਸ ਨੇ ਆਪਣੀ ਹੀ ਧੀ ਨੂੰ ਆਪਣੀ ਲਾਇਸੈਂਸੀ ਬੰਦੂਕ 'ਚੋਂ ਦੋ ਫਾਇਰ ਕਰ ਕੇ ਉਸ ਦੀ ਜੀਵਨ ਲੀਲਾ ਖਤਮ ਕਰ ਦਿੱਤੀ। ਲਗਭਗ 18 ਕੁ ਸਾਲ ਦੀ ਇੰਦਰਜੀਤ ਕੌਰ ਮੌਕੇ 'ਤੇ ਹੀ ਦਮ ਤੋੜ ਗਈ।

ਇਸ ਸੰਬੰਧ ਵਿੱਚ ਉਪ ਪੁਲੀਸ ਕਪਤਾਨ ਪਰਮਜੀਤ ਸਿੰਘ ਗੁਰਾਇਆ, ਥਾਣਾ ਮੁਖੀ ਡੇਹਲੋਂ ਗੁਰਮੀਤ ਸਿੰਘ ਮੌਕੇ 'ਤੇ ਪੁੱਜੇ ਅਤੇ ਪੁਲੀਸ ਸੂਤਰਾਂ ਅਨੁਸਾਰ ਦੋਸ਼ੀ ਨਿਰਮਲ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਮਹੇਰਨਾ ਕਲਾਂ ਵਿਰੁੱਧ ਉਸ ਦੀ ਪਤਨੀ ਦੇ ਬਿਆਨਾਂ 'ਤੇ ਭਾਰਤੀ ਦੰਡਾਵਲੀ ਦੇ ਤਹਿਤ ਮੁਕੱਦਮਾ ਨੰਬਰ 10 ਥਾਣਾ ਡੇਹਲੋਂ ਵਿਖੇ ਦਰਜ ਕਰ ਲਿਆ ਗਿਆ ਹੈ। ਪੁਲੀਸ ਅਨੁਸਾਰ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਉਸ ਵਲੋਂ ਵਰਤੀ ਰਾਈਫਲ ਵੀ ਬਰਾਮਦ ਕਰ ਲਈ ਗਈ ਹੈ ਅਤੇ ਅੱਗੋਂ ਤਫਤੀਸ਼ ਜਾਰੀ ਹੈ।

ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਉਕਤ ਲੜਕੀ ਨੇ ਆਪਣੇ ਪਿਤਾ ਨੂੰ ਇਹ ਕਹਿ ਕੇ ਉਸ ਦੀ ਜ਼ਮੀਨ ਵਿਕਵਾ ਦਿੱਤੀ ਸੀ ਕਿ ਉਸ ਨੇ ਕੈਨੇਡਾ ਜਾਣਾ ਹੈ ਅਤੇ ਉਸ ਲਈ ਮੋਟੀ ਰਕਮ ਦੀ ਲੋੜ ਹੈ। ਪਰ ਉਹ ਇਨ੍ਹਾਂ ਪੈਸਿਆਂ ਨਾਲ ਕੈਨੇਡਾ ਜਾਣ ਦੀ ਬਜਾਇ ਆਪਣੇ ਪ੍ਰੇਮੀ

ਨਾਲ ਘੁੰਮਦੀ ਰਹੀ ਅਤੇ ਪੈਸੇ ਖਤਮ ਹੋਣ ਉਪਰੰਤ ਆਪਣੇ ਹੀ ਪਿੰਡ ਆ ਕੇ ਆਪਣੇ ਪ੍ਰੇਮੀ ਨਾਲ ਰਹਿਣ ਲੱਗੀ। ਇਸ ਤੋਂ ਗੁੱਸੇ ਵਿੱਚ ਆ ਕੇ ਹੀ ਉਸ ਦੇ ਪਿਤਾ ਨੇ ਅਜਿਹਾ ਕਦਮ ਚੁੱਕਿਆ ਅਤੇ ਆਪਣੀ ਹੀ ਧੀ ਦੀ ਹੱਤਿਆ ਕਰ ਦਿੱਤੀ।

## *ਮਾਰਕਸੀ ਪਾਰਟੀ ਨੇ ਮੇਰੇ ਨਾਲ ਧੋਖਾ ਕੀਤਾ- ਕਾਮਰੇਡ ਬਲਵੰਤ ਦਾ ਰੋਣਾ*

ਨਵਾਂ ਸ਼ਹਿਰ- "ਸੀ ਪੀ ਐਮ ਵੱਲੋਂ ਮੇਰੇ ਬਾਰੇ ਲਿਆ ਗਿਆ ਫੈਸਲਾ ਗੈਰ-ਜਮਹੂਰੀ ਅਤੇ ਪਾਰਟੀ ਸੰਵਿਧਾਨ ਦੇ ਸਰਾਸਰ ਉਲਟ ਹੈ, ਜਿਸ ਬਾਰੇ ਮੈਂ ਪਾਰਟੀ ਮੈਂਬਰਾਂ ਅਤੇ ਹਮਦਰਦਾਂ ਨੂੰ ਪਾਰਟੀ ਹਿੱਤ ਵਿੱਚ ਜ਼ਰੂਰ ਦੱਸਣਾ ਚਾਹੁੰਦਾ ਹਾਂ, ਕਿਉਂਕਿ ਪਾਰਟੀ ਵਿੱਚ ਕੁਝ ਅਨਸਰ ਝੂਠਾ ਭੰਡੀ ਪ੍ਰਚਾਰ ਕਰਨ ਵਿੱਚ ਲੱਗੇ ਹੋਏ ਹਨ।" ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇਥੇ ਇੱਕ ਭਰਵੀਂ ਪ੍ਰੈੱਸ ਕਾਨਫਰੰਸ ਵਿੱਚ ਸੀ ਪੀ ਐਮ ਦੇ ਸਾਬਕਾ ਸੂਬਾ ਸਕੱਤਰ ਅਤੇ ਸਾਬਕਾ ਵਿਧਾਇਕ ਬਲਵੰਤ ਸਿੰਘ ਨੇ ਕੀਤਾ।

ਉਨ੍ਹਾਂ ਕਿਹਾ ਕਿ ਪਾਰਟੀ ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਅਤੇ ਉਨ੍ਹਾਂ ਦੀ ਪਤਨੀ ਵਰਿੰਦਾ ਕਰਤ ਮੈਂਬਰ ਪੋਲਿਟ ਬਿਊਰੋ ਨੇ ਇਸ ਸੰਦਰਭ ਵਿੱਚ ਪੋਲਿਟ ਬਿਊਰੋ ਅਤੇ ਕੇਂਦਰੀ ਕਮੇਟੀ ਨੂੰ ਬਿਲਕੁਲ ਹੀ ਗਲਤ ਸੂਚਨਾ ਦੇ ਕੇ ਗੁੰਮਰਾਹ ਕੀਤਾ ਸੀ। ਪਾਰਟੀ ਜਨਰਲ ਸਕੱਤਰ ਇਸ ਵਿਸ਼ੇ ਵਿੱਚ ਇਥੋਂ ਤੱਕ ਝੂਠ ਬੋਲ ਗਿਆ ਕਿ ਮੇਰੀ ਗੱਲ ਉਨ੍ਹਾਂ (ਬਲਵੰਤ) ਨਾਲ ਹੋ ਗਈ ਹੈ, ਜਦੋਂ ਕਿ ਅੱਜ ਹਰ ਫੋਨ 'ਤੇ ਮੋਬਾਈਲ ਦੀ ਕਾਲ ਕਢਵਾਈ ਜਾ ਸਕਦੀ ਹੈ, ਜਿਸ ਬਾਰੇ ਅੱਜ ਵੀ ਘੋਖ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਮੈਂ ਆਪਣੀ ਮੁਅੱਤਲੀ ਤੋਂ ਬਾਅਦ ਪਾਰਟੀ ਜਨਰਲ ਸਕੱਤਰ ਨੂੰ ਪੱਤਰ ਲਿਖਿਆ, ਜਿਸ ਦਾ ਪਾਰਟੀ ਸੰਵਿਧਾਨ ਮੁਤਾਬਕ ਜਵਾਬਦੇਹ ਹੁੰਦਾ ਹੈ, ਪਰ ਉਸ ਪੱਤਰ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਫਿਰ ਇੱਕ ਦੋ ਮੈਂਬਰੀ ਕਮਿਸ਼ਨ ਚੰਡੀਗੜ੍ਹ ਭੇਜ ਦਿੱਤਾ, ਜਿਥੇ ਮੈਂ ਹਾਜ਼ਰ ਹੋਇਆ, ਪਰ ਉਥੇ ਪੋਲਿਟ ਬਿਊਰੋ ਵੱਲੋਂ ਬਣਾਏ 2 ਮੈਂਬਰੀ ਕਮਿਸ਼ਨ ਦੀ ਥਾਂ ਤਿੰਨ ਮੈਂਬਰ ਹੋ ਗਏ, ਜੋ ਵੀ ਪਾਰਟੀ ਸੰਵਿਧਾਨ ਦੇ ਉਲਟ ਸੀ। ਉਨ੍ਹਾਂ ਦੱਸਿਆ ਕਿ ਹੱਦ ਉਦੋਂ ਹੋ ਗਈ, ਜਦੋਂ ਕਮਿਸ਼ਨ ਦੇ ਆਉਣ 'ਤੇ ਮੈਂ ਤਾਂ ਹਾਜ਼ਰ ਹੋ ਗਿਆ, ਪਰ ਉਥੇ ਨਾ ਸ਼ਿਕਾਇਤਕਰਤਾ ਆਇਆ ਤੇ ਨਾ ਹੀ ਮੈਨੂੰ ਸ਼ਿਕਾਇਤ ਦੀ ਕਾਪੀ ਦਿੱਤੀ ਗਈ। ਜਦੋਂ ਮੈਂ ਸ਼ਿਕਾਇਤ ਦੀ ਕਾਪੀ ਮੰਗੀ ਤਾਂ ਕਮਿਸ਼ਨ ਦੇ ਮੈਂਬਰ ਕਾਮਰੇਡ ਐਮ ਕੇ ਪੰਧੇ ਮੈਂਬਰ ਪੋਲਿਟ ਬਿਊਰੋ ਨੇ ਕਿਹਾ ਕਿ ਹਦਾਇਤਾਂ ਮੁਤਾਬਕ ਤੁਹਾਨੂੰ ਅਸੀਂ ਸ਼ਿਕਾਇਤ ਦੀ ਕਾਪੀ ਨਹੀਂ ਦੇ ਸਕਦੇ, ਜਦੋਂ ਕਿ ਇਹ ਵੀ ਗੈਰ-ਜਮਹੂਰੀ ਤੇ ਪਾਰਟੀ ਸੰਵਿਧਾਨ ਦੇ ਉਲਟ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਜਦੋਂ ਮੈਂ ਇਸ ਬਾਰੇ ਪੋਲਿਟ ਬਿਊਰੋ ਮੈਂਬਰ ਸੀਤਾ ਰਾਮ ਯੇਚੂਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸ਼ਿਕਾਇਤ ਦੀ ਕਾਪੀ ਨਾ ਦੇਣ ਦਾ ਪੋਲਿਟ ਬਿਊਰੋ ਵੱਲੋਂ ਕੋਈ ਫੈਸਲਾ ਨਹੀਂ ਸੀ। ਉਨ੍ਹਾਂ ਕਿਹਾ ਕਿ ਇਸ ਦਾ ਮਤਲਬ ਇਹ ਕਿ ਇਹ ਤਾਂ ਸਿਰਫ ਮੀਆਂ-ਬੀਵੀ ਦਾ ਹੀ ਫੈਸਲਾ ਸੀ। ਆਪਣੇ ਖਿਲਾਫ ਹੋਈ ਕਾਰਵਾਈ ਦੇ ਸਬੰਧ 'ਚ ਸੂਚਨਾ ਸਿਰਫ ਤੇ ਸਿਰਫ ਮੈਨੂੰ ਮੀਡੀਆ ਤੋਂ ਪ੍ਰਾਪਤ ਹੋਈ ਸੀ। ਮੈਂ ਇਸ ਦੇ ਬਾਵਜੂਦ ਤਿੰਨ ਸਫਿਆਂ ਦਾ ਵਿਸਥਾਰ-ਪੂਰਵਕ ਜਵਾਬ ਜਨਰਲ ਸਕੱਤਰ ਸਮੇਤ ਸਾਰੇ ਪੋਲਿਟ ਬਿਊਰੋ ਮੈਂਬਰਾਂ ਨੂੰ ਦਿੱਤਾ। ਮੇਰੇ ਉਸ ਜਵਾਬ ਦੀ ਇਨਕੁਆਰੀ ਕਰਨੀ ਤਾਂ ਇਕ ਪਾਸੇ, ਉਸ ਜਵਾਬ ਨੂੰ ਨਾ ਪੋਲਿਟ ਬਿਊਰੋ ਅਤੇ ਨਾ ਹੀ ਕੇਂਦਰੀ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਦੀ ਲੋੜ ਮਹਿਸੂਸ ਕੀਤੀ, ਜੋ ਪਾਰਟੀ ਸੰਵਿਧਾਨ ਦੇ ਉਲਟ ਹੈ। ਪਾਰਟੀ ਜਨਰਲ ਸਕੱਤਰ ਅਤੇ ਉਸ ਦੀ ਪਤਨੀ ਵਰਿੰਦਾ ਤਾਂ ਇਹ ਪ੍ਰਚਾਰ ਕਰਦੇ ਰਹੇ ਕਿ ਪ੍ਰੋ. ਬਲਵੰਤ ਨਾਲ ਕੋਈ ਹੈ ਹੀ ਨਹੀਂ, ਜਦੋਂ ਕਿ ਪੰਜਾਬ ਦੇ 150 ਤੋਂ ਵੱਧ ਸੂਬਾ ਕਮੇਟੀ ਮੈਂਬਰਾਂ, ਜ਼ਿਲਾ ਸਕੱਤਰਾਂ ਸਮੇਤ ਜ਼ਿਲਾ ਕਮੇਟੀ ਮੈਂਬਰਾਂ ਨੇ ਪਾਰਟੀ ਹਾਈ ਕਮਾਂਡ ਵੱਲੋਂ ਮੇਰੇ ਖਿਲਾਫ ਕੀਤੀ ਕਾਰਵਾਈ ਨੂੰ ਝੂਠੀ ਸ਼ਿਕਾਇਤ 'ਤੇ ਆਧਾਰਤ ਦੱਸਦਿਆਂ ਗੈਰ-ਜਮਹੂਰੀ ਅਤੇ ਇਸ ਨੂੰ ਪਾਰਟੀ ਹਿੱਤ ਵਿੱਚ ਮੁੜ ਫੈਸਲਾ ਬਦਲਣ ਲਈ ਲਿਖਿਆ, ਪਰ ਜਨਰਲ ਸਕੱਤਰ ਨੇ 150 ਤੋਂ ਵੱਧ ਇਨ੍ਹਾਂ ਸੀਨੀਅਰ ਕਾਮਰੇਡਾਂ ਦੀਆਂ ਚਿੱਠੀਆਂ ਦਾ ਜਵਾਬ ਦੇਣ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਸ ਤੋਂ ਤਾਂ ਇੰਝ ਲੱਗਦਾ ਹੈ ਕਿ ਸੀ ਪੀ ਆਈ ਐਮ ਹੁਣ ਸੀ ਪੀ ਐਮ ਨਾ ਹੋ ਕੇ ਸਿਰਫ ਤੇ ਸਿਰਫ ਮੀਆਂ-ਬੀਵੀ ਦੀ ਪਾਰਟੀ ਬਣ ਕੇ ਰਹਿ ਗਈ ਹੈ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਅੰਤ ਵਿੱਚ ਕਿਹਾ ਕਿ ਉਹ ਆਪਣੇ ਖਿਲਾਫ ਹੋਈ ਵਧੀਕੀ ਵਿਰੁੱਧ ਅਤੇ ਖੱਬੀ ਲਹਿਰ ਉਸਾਰਨ ਲਈ ਲੜਾਈ ਲੜਦੇ ਰਹਿਣਗੇ।

## 5097 ਕਿਸਾਨ ਲਗਾ ਚੁੱਕੇ ਹਨ ਮੌਤ ਨੂੰ ਗਲੇ
## ਇਕੱਲੇ ਮਾਲਵੇ ਦੇ 476 ਕਿਸਾਨ ਸੱਪ ਦੇ ਡੰਗਣ ਨਾਲ ਮਰੇ

ਫਰੀਦਕੋਟ- ਖੇਤੀ ਵਿੱਚ ਸਭ ਤੋਂ ਅੱਗੇ ਮੰਨੇ ਜਾਂਦੇ ਪੰਜਾਬ ਸੂਬੇ ਵਿੱਚ 5097 ਦੇ ਕਰੀਬ ਕਿਸਾਨ ਖੇਤਾਂ ਵਿੱਚ ਕੰਮ ਕਰਦੇ ਮੌਤ ਨੂੰ ਗਲੇ ਲਗਾ ਚੁੱਕੇ ਹਨ, ਜਦ ਕਿ ਮਾਲਵਾ ਪੱਟੀ ਵਿੱਚ ਖੇਤਾਂ ਵਿੱਚ ਕੰਮ ਕਰਦੇ 3073 ਦੇ ਕਰੀਬ ਕਿਸਾਨਾਂ ਨੂੰ ਮੌਤ ਨੇ ਵੱਖ-ਵੱਖ ਤਰੀਕਿਆਂ ਨਾਲ ਗਲੇ ਲਗਾਇਆ ਹੈ। ਕਦੇ ਟਿੱਬਿਆਂ ਤੇ ਝਾੜੀਆਂ ਨਾਲ ਘਿਰੇ ਮਾਲਵੇ ਵਿੱਚ ਖੇਤੀ ਕਰਨੀ ਮੌਤ ਨੂੰ ਗਲੇ ਲਗਾਉਣ ਵਾਲੀ ਗੱਲ ਹੁੰਦੀ ਸੀ, ਕਿਉਂਕਿ ਖੇਤਾਂ ਵਿੱਚ ਹਰ ਸਮੇਂ ਸੱਪਾਂ ਦੇ ਛੂੰਕਾਰੇ ਸੁਣਦੇ ਸਨ। ਬੇਸ਼ੱਕ ਸਮੇਂ ਦੇ ਨਾਲ ਇਨ੍ਹਾਂ ਟਿੱਬਿਆਂ ਨੂੰ ਤਾਂ ਪੱਧਰਾ ਕਰ ਦਿੱਤਾ ਹੈ, ਪਰੰਤੂ ਖੇਤਾਂ ਵਿੱਚ ਕੰਮ

ਕਰਦੇ ਕਿਸਾਨਾਂ ਉਪਰ ਸੱਪਾਂ ਦਾ ਕਹਿਰ ਅਜੇ ਖਤਮ ਨਹੀਂ ਹੋਇਆ। ਹਰ ਵਰ੍ਹੇ ਕਈ ਕਿਸਾਨ ਸੱਪ ਲੜਨ ਨਾਲ ਹੀ ਮਰਦੇ ਹਨ। ਪੰਜਾਬ ਮੰਡੀ ਬੋਰਡ ਦੇ 1987 ਤੋਂ ਹੁਣ ਤੱਕ ਅੰਕੜਿਆਂ ਮੁਤਾਬਕ ਇਕੱਲੇ ਮਾਲਵੇ ਦੇ 476 ਕਿਸਾਨ ਖੇਤਾਂ ਵਿੱਚ ਕੰਮ ਕਰਦੇ ਸੱਪ ਦੇ ਡੰਗਣ ਨਾਲ ਹੀ ਮਰੇ ਹਨ, ਜਦ ਕਿ ਸਮੁੱਚੇ ਪੰਜਾਬ ਵਿੱਚ 849 ਕਿਸਾਨ ਸੱਪ ਲੜਨ ਨਾਲ ਮਰੇ ਹਨ।

ਅੰਕੜਿਆਂ ਤੋਂ ਉਪਰ ਵੀ ਅਜਿਹੀਆਂ ਮੌਤਾਂ ਹੋਈਆਂ ਹਨ, ਜਿਨ੍ਹਾਂ ਦੀ ਕੋਈ ਗਿਣਤੀ ਨਹੀਂ ਹੈ। ਦੁਖਾਂਤਕ ਪਹਿਲੂ ਇਹ ਹੈ ਕਿ ਬਹੁਤੇ ਕਿਸਾਨ ਸਮੇਂ ਸਿਰ ਇਲਾਜ ਦੀ ਘਾਟ ਨਾਲ ਮਰੇ ਹਨ। ਦੂਜੇ ਪਾਸੇ ਪੰਜਾਬ ਦੇ 90 ਪ੍ਰਤੀਸ਼ਤ ਹਸਪਤਾਲਾਂ, ਡਿਸਪੈਂਸਰੀਆਂ ਵਿੱਚ ਸੱਪ ਦੇ ਡੰਗੇ ਵਿਅਕਤੀ ਨੂੰ ਬਚਾਉਣ ਲਈ ਲਗਾਇਆ ਜਾਣ ਵਾਲਾ ਟੀਕਾ ਮੌਜੂਦ ਨਹੀਂ ਹੈ। ਪੰਜਾਬ ਵਿੱਚ ਸਭ ਤੋਂ ਵੱਧ ਕਿਸਾਨ ਜ਼ਿਲ੍ਹਾ ਸੰਗਰੂਰ ਵਿੱਚ 197, ਮੋਗਾ ਵਿੱਚ 142 ਕਿਸਾਨ ਸੱਪ ਲੜਨ ਨਾਲ ਮੌਤ ਦੀ ਨੀਂਦ ਸੁੱਤੇ। ਇਸੇ ਤਰ੍ਹਾਂ ਬਠਿੰਡਾ ਵਿੱਚ 109, ਮਾਨਸਾ ਵਿੱਚ 13 ਅਤੇ ਫਰੀਦਕੋਟ ਵਿੱਚ 8 ਕਿਸਾਨ ਸੱਪ ਲੜਨ ਨਾਲ ਮਰੇ ਹਨ। ਲੁਧਿਆਣਾ ਵਿੱਚ 2 ਕਿਸਾਨਾਂ ਦੀ ਮੌਤ ਸੱਪ ਲੜਨ ਨਾਲ ਹੋਈ ਹੈ।

ਇਹੀ ਨਹੀਂ ਖੇਤਾਂ ਵਿੱਚ ਕੀਤੀਆਂ ਜਾਂਦੀਆਂ ਸਪਰੇਆਂ ਵੀ ਕਿਸਾਨਾਂ ਦੀ ਮੌਤ ਦਾ ਕਾਰਨ ਬਣੀਆਂ ਹਨ। ਖੇਤਾਂ ਵਿੱਚ ਸੁੰਡੀਆਂ ਮਾਰਨ ਅਤੇ ਚੰਗੇ ਝਾੜ ਲਈ ਸਪਰੇਅ ਕਰਦੇ ਪੰਜਾਬ ਦੇ 1364 ਕਿਸਾਨ ਮੌਤ ਨੂੰ ਗਲੇ ਲਗਾ ਚੁੱਕੇ ਹਨ, ਜਿਨ੍ਹਾਂ ਵਿੱਚ ਸਭ ਤੋਂ ਵੱਧ ਗਿਣਤੀ 1045 ਇਕੱਲੇ ਮਾਲਵਾ ਖੇਤਰ ਦੀ ਹੈ। ਇਸ ਵਿੱਚ ਸਭ ਤੋਂ ਵੱਧ 330 ਮੌਤਾਂ ਸਿਰਫ ਸੰਗਰੂਰ ਜ਼ਿਲੇ ਵਿੱਚ ਹੀ ਹੋਈਆਂ ਹਨ, ਜਦ ਕਿ ਮਾਨਸਾ ਵਿੱਚ 249 ਕਿਸਾਨ ਤੇ ਬਠਿੰਡਾ ਵਿੱਚ 176 ਕਿਸਾਨ ਇਸ ਦਾ ਸ਼ਿਕਾਰ ਹੋਏ ਹਨ। ਫਰੀਦਕੋਟ, ਮੁਕਤਸਰ, ਫਿਰੋਜ਼ਪੁਰ, ਲੁਧਿਆਣਾ, ਹੁਸ਼ਿਆਰਪੁਰ, ਮੋਗਾ ਵਿੱਚ ਅੰਕੜਿਆਂ ਮੁਤਾਬਕ ਕੋਈ ਮੌਤ ਨਹੀਂ ਹੋਈ, ਜਦ ਕਿ ਕਿਸਾਨਾਂ ਮੁਤਾਬਕ ਇਸ ਤਰ੍ਹਾਂ ਦੇ ਹਾਦਸੇ ਵਾਪਰਦੇ ਰਹਿੰਦੇ ਹਨ। ਖੇਤੀ ਲਈ ਵਰਤੀ ਜਾਂਦੀ ਮਸ਼ੀਨਰੀ ਨੇ ਜਿੱਥੇ ਕਿਸਾਨਾਂ ਦੇ ਪਰਿਵਾਰਾਂ ਦੀ ਜ਼ਿੰਦਗੀ ਸੌਖੀ ਕੀਤੀ ਹੈ, ਉਥੇ ਕਈ ਕਿਸਾਨਾਂ ਦੇ ਘਰਾਂ ਵਿੱਚ ਸੱਥਰ ਵੀ ਵਿਛਾਏ ਹਨ, ਕਿਉਂਕਿ 1537 ਕਿਸਾਨਾਂ ਦੀ ਮੌਤ ਦਾ ਕਾਰਨ ਹੀ ਮਸ਼ੀਨਰੀ ਬਣੀ ਹੈ। ਇਨ੍ਹਾਂ ’ਚੋਂ 872 ਕਿਸਾਨ ਇਕੱਲੇ ਮਾਲਵਾ ਪੱਟੀ ਦੇ ਹਨ। ਇਹੀ ਨਹੀਂ ਪੰਜਾਬ ਦੇ 17559 ਕਿਸਾਨ ਮਸ਼ੀਨਰੀ ਨਾਲ ਅਪਾਹਜ ਵੀ ਹੋਏ ਹਨ। ਇਸ ਤੋਂ ਇਲਾਵਾ ਖੇਤਾਂ ਵਿੱਚੋਂ ਗੁਜ਼ਰਦੀਆਂ ਬਿਜਲੀ ਦੀਆਂ ਤਾਰਾਂ ਬਿਜਲੀ ਬੋਰਡ ਅਤੇ ਖੁਦ ਦੀ ਅਣਗਹਿਲੀ ਵੀ ਕਿਸਾਨਾਂ ਲਈ ਮੌਤ ਦਾ ਕਾਰਨ ਬਣੀ ਹੈ। ਪੰਜਾਬ ਵਿੱਚ 1347 ਕਿਸਾਨ ਬਿਜਲੀ ਲੱਗਣ ਨਾਲ ਮਰੇ ਹਨ, ਜਿਨ੍ਹਾਂ ਵਿੱਚੋਂ 680 ਕਿਸਾਨ ਮਾਲਵੇ ਦੇ ਹਨ। ਇਸ ਵਿੱਚ ਸਭ ਤੋਂ ਵੱਧ ਮੌਤਾਂ ਸੰਗਰੂਰ ਵਿੱਚ ਹੋਈਆਂ ਹਨ, ਸੰਗਰੂਰ ਵਿੱਚ ਬਿਜਲੀ ਲੱਗਣ ਨਾਲ 268 ਕਿਸਾਨਾਂ ਦੀ ਮੌਤ ਹੋ ਚੁੱਕੀ ਹੈ, ਜਦ ਕਿ ਮੋਗਾ ਵਿੱਚ 242 ਕਿਸਾਨ ਮਰ ਚੁੱਕੇ ਹਨ। ਮਾਨਸਾ ਵਿੱਚ 58 ਕਿਸਾਨ ਬਿਜਲੀ ਨਾਲ ਮਰੇ ਹਨ, ਜਦ ਕਿ 1555 ਕਿਸਾਨ ਬਿਜਲੀ ਲੱਗਣ ਨਾਲ ਨਕਾਰਾ ਹੋ ਚੁੱਕੇ ਹਨ।

## ਡੇਰਿਆਂ ਤੋਂ ਵੋਟਾਂ ਮੰਗਣਾ ਜੁਰਮ ਨਹੀਂ- ਕੇ.ਪੀ.

ਜਲੰਧਰ- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਮਹਿੰਦਰ ਸਿੰਘ ਕੇ.ਪੀ. ਨੇ ਕਿਹਾ ਕਿ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਮੰਨਦੇ ਹਨ ਪਰ ਕਿਸੇ ਵੀ ਡੇਰੇ ਤੋਂ ਵੋਟਾਂ ਮੰਗਣਾ ਕੋਈ ਜੁਰਮ ਨਹੀਂ ਹੈ। ਇਥੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ੍ਰੀ ਕੇ.ਪੀ. ਨੇ ਕਿਹਾ ਕਿ ਕਾਂਗਰਸ ਡੇਰਾ ਸਿਰਸਾ ਸਣੇ ਸਾਰੇ ਡੇਰਿਆਂ ਤੋਂ ਅਤੇ ਡੇਰਿਆਂ ਦੇ ਪੈਰੋਕਾਰਾਂ ਤੋਂ ਵੋਟਾਂ ਮੰਗੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਉਂਜ ਵੀ ਇੱਕ ਧਰਮ ਨਿਰਪੱਖ ਪਾਰਟੀ ਹੈ ਅਤੇ ਸਭ ਧਰਮਾਂ ਅਤੇ ਵਰਗਾਂ ਨੂੰ ਨਾਲ ਲੈ ਕੇ ਚੱਲਦੀ ਹੈ। ਸ੍ਰੀ ਕੇ.ਪੀ. ਨੇ ਦੱਸਿਆ ਕਿ ਕਾਂਗਰਸ ਪਾਰਟੀ 15 ਫ਼ਰਵਰੀ ਤੱਕ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦੇਵੇਗੀ। ਸ੍ਰੀ ਕੇ.ਪੀ. ਨੇ ਇਸ ਗੱਲ ਦਾ ਖੰਡਨ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੋਈ ਸਮਾਨੰਤਰ ਪ੍ਰੋਗਰਾਮ ਰੱਖੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 2 ਫ਼ਰਵਰੀ ਤੋਂ ਸ਼ੁਰੂ ਕੀਤੇ ਜਾ ਰਹੇ ਪ੍ਰੋਗਰਾਮ ਪ੍ਰਦੇਸ਼ ਕਾਂਗਰਸ ਦੀ ਸਹਿਮਤੀ ਨਾਲ ਉਲੀਕੇ ਗਏ ਹਨ। ਸ੍ਰੀ ਕੇ. ਪੀ. ਨੇ ਦੱਸਿਆ ਕਿ ਕਾਂਗਰਸ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕ ਭਲਾਈ ਪਾਰਟੀ ਅਤੇ ਬਹੁਜਨ ਸਮਾਜ ਮੋਰਚਾ ਨਾਲ ਗੱਲਬਾਤ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਬਸਮੋ ਨਾਲ ਚੋਣ ਸਮਝੌਤੇ ਦੀ ਗੱਲ ਚੱਲ ਰਹੀ ਹੈ ਹਾਲਾਂਕਿ ਉਨ੍ਹਾਂ ਲਈ ਸੀਟ ਛੱਡੇ ਜਾਣ ਦੀ ਅਜੇ ਕੋਈ ਗੱਲ ਨਹੀਂ ਹੋਈ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਖੁਲਾਸਾ ਕੀਤਾ ਕਿ ਸੰਸਦ ਵਿੱਚ ਭਰੋਸੇ ਦੇ ਵੋਟ ਸਮੇਂ ਕਾਂਗਰਸ ਦੇ ਹੱਕ ਵਿੱਚ ਭੁਗਤਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਦੇ ਮੌਜੂਦਾ ਸੰਸਦ ਮੈਂਬਰ ਸ: ਸੁਖਦੇਵ ਸਿੰਘ ਲਿਬੜਾ ਵੱਲੋਂ ਫ਼ਤਹਿਗੜ੍ਹ ਸਾਹਿਬ ਤੋਂ ਟਿਕਟ ਦੀ ਮੰਗ ਕੀਤੀ ਗਈ ਹੈ ਹਾਲਾਂਕਿ ਉਨ੍ਹਾਂ ਨੇ ਰਸਮੀ ਤੌਰ ’ਤੇ ਆਪਣੀ ਅਰਜ਼ੀ ਅਜੇ ਕਾਂਗਰਸ ਪਾਰਟੀ ਨੂੰ ਸੌਂਪਣੀ ਹੈ। ਉਨ੍ਹਾਂ ਕਿਹਾ ਕਿ ਅਜੇ ਤਾਂ ਕਾਂਗਰਸ ਨੇ ਟਿਕਟਾਂ ਦੀ ਵੰਡ ਹੀ ਨਹੀਂ ਕੀਤੀ।

## ਸ਼ਰਾਬੀ ਲਾੜੇ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕੀਤਾ

ਬਟਾਲਾ- ਬਟਾਲਾ ਦੇ ਕਾਹਨੂੰਵਾਨ ਰੋਡ ਉੱਤੇ ਇੱਕ ਮੈਰਿਜ ਪੈਲੇਸ ਵਿੱਚ ਬਰਾਤ ਦੇ ਢੁਕਾਉ ਸਮੇਂ ਘੋੜੀ ਉੱਤੇ ਸਵਾਰ ਲਾੜੇ ਵਲੋਂ ਸ਼ਰਾਬ ਵਿੱਚ ਧੁੱਤ ਹੋ ਕੇ ਘੋੜੀ ਤੋਂ ਡਿੱਗਣ ਕਾਰਨ ਲੱਤ ਤੁੜਾਉਣ ਪਿੱਛੋਂ ਵਿਆਂਦੜ ਲੜਕੀ ਵਲੋਂ ਸ਼ਰਾਬੀ ਲਾੜੇ ਨਾਲ ਲਾਵਾਂ ਲੈਣ ਤੋਂ ਇਨਕਾਰ ਕਰਨ

’ਤੇ ਕਪੂਰਥਲੇ ਤੋਂ ਆਈ ਬਰਾਤ ਨੂੰ ਬੇਰੰਗ ਵਾਪਸ ਜਾਣਾ ਪਿਆ। ਫਿਰ ਬਰਾਤ ਨਾਲ ਆਏ ਇੱਕ ਬੇਰੁਜ਼ਗਾਰ ਕੁਆਲੀਫਾਈਡ ਇੰਜੀਨੀਅਰ ਨਾਲ ਲੜਕੀ ਦੀ ਉਸੇ ਮਹੂਰਤ ’ਤੇ ਸ਼ਾਦੀ ਕਰ ਦਿੱਤੀ ਗਈ। ਪ੍ਰਾਪਤ ਸੂਚਨਾ ਅਨੁਸਾਰ ਬਟਾਲਾ ਦੇ ਪਿੰਡ ਤਲਵੰਡੀ ਦੀ ਵਸਨੀਕ ਐਮ ਐਸ ਸੀ (ਮੈਥ) ਬੀ ਐਡ ਲੜਕੀ ਦੀ ਸ਼ਾਦੀ ਕਪੂਰਥਲਾ ਵਾਸੀ ਅਤੇ ਅਹਿਮਦਾਬਾਦ (ਗੁਜਰਾਤ) ਵਿਖੇ ਓ ਐਨ ਜੀ ਸੀ ਵਿਖੇ ਨੌਕਰੀ ਕਰਦੇ ਇੱਕ ਲੜਕੇ ਨਾਲ ਤੈਅ ਹੋਈ ਸੀ। ਮਿੱਥੇ ਪ੍ਰੋਗਰਾਮ ਅਨੁਸਾਰ ਸਵੇਰੇ 11 ਵਜੇ ਜਦੋਂ ਬਰਾਤ ਬਟਾਲਾ ਪਹੁੰਚੀ ਤਾਂ ਲਾੜੇ ਨੇ ਵਿਆਹ ਦੀ ਖੁਸ਼ੀ ਵਿੱਚ ਪਹਿਲਾਂ ਹੀ ਸ਼ਰਾਬ ਪੀਤੀ ਹੋਣ ਦੇ ਬਾਵਜੂਦ ਮਿਲਨੀ ਦੌਰਾਨ ਵੀ ਘੋੜੀ ’ਤੇ ਬੈਠੇ ਹੋਏ ਨੇ ਵੀ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਜ਼ਿਆਦਾ ਸ਼ਰਾਬ ਹੋਣ ਕਾਰਨ ਉਹ ਘੋੜੀ ਤੋਂ ਡਿੱਗ ਕੇ ਲੱਤ ਤੁੜਵਾ ਬੈਠਾ ਅਤੇ ਵਿਆਹ ਵਾਲੀ ਲੜਕੀ ਨੇ ਪਤਾ ਲੱਗਣ ’ਤੇ ਸ਼ਰਾਬੀ ਲਾੜੇ ਨਾਲ ਫੇਰੇ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਮੌਕੇ ਲੜਕੇ ਦੇ ਪਰਿਵਾਰ, ਵਿਚੋਲੇ ਅਤੇ ਹੋਰ ਨੇੜਲੇ ਰਿਸ਼ਤੇਦਾਰਾਂ ਵਲੋਂ ਲੜਕੀ ਨੂੰ ਮਨਾਉਣ ਦੀ ਬੇਹੱਦ ਕੋਸ਼ਿਸ਼ ਕੀਤੀ ਗਈ, ਪਰ ਲੜਕੀ ਸ਼ਰਾਬੀ ਲਾੜੇ ਨਾਲ ਫੇਰੇ ਨਾ ਲੈਣ ਦੀ ਗੱਲ ’ਤੇ ਅੜੀ ਰਹੀ। ਇਸ ਮੌਕੇ ਬਰਾਤ ਨਾਲ ਹੀ ਆਏ ਇੱਕ ਹੋਰ ਸ਼ਰਾਬ ਨਾ ਪੀਣ ਵਾਲੇ ਲੜਕੇ ਨੇ ਇਸ ਲੜਕੀ ਨਾਲ ਸ਼ਾਦੀ ਦੀ ਪੇਸ਼ਕਸ਼ ਕੀਤੀ, ਜੋ ਲੜਕੀ ਅਤੇ ਉਸ ਦੇ ਪਰਿਵਾਰ ਨੇ ਸਵੀਕਾਰ ਕਰ ਲਈ।

## ਮਜੀਠੀਆ ਪਰਿਵਾਰ ਦਾ ਫਰਜੰਦ ਕਾਂਗਰਸ ’ਚ ਸ਼ਾਮਿਲ
## ਪੰਚ ਪ੍ਰਧਾਨੀ ਦੇ ਪ੍ਰੀਜ਼ੀਡੀਅਮ ਮੈਂਬਰ ਗੁਰਜਤਿੰਦਰਪਾਲ ਸਿੰਘ ਭਿੱਖੀਵਿੰਡ ਵੀ ਕਾਂਗਰਸ ਵਿੱਚ ਸ਼ਾਮਿਲ

ਅੰਮ੍ਰਿਤਸਰ- ਮਾਝੇ ’ਚ ਵਿਸ਼ੇਸ਼ ਨਾਮਣਾ ਰੱਖਦੇ ਮਜੀਠੀਆ ਪਰਿਵਾਰ ਦੇ ਫਰਜੰਦ ਅਤੇ ਟਕਸਾਲੀ ਅਕਾਲੀ ਆਗੂ ਸਵਰਗੀ ਸ: ਪ੍ਰਕਾਸ਼ ਸਿੰਘ ਮਜੀਠਾ ਦੇ ਬੇਟੇ ਸ: ਸਿਮਰਜੀਤ ਸਿੰਘ ਮਜੀਠਾ ਅਤੇ ਉਨ੍ਹਾਂ ਦੇ ਬੇਟੇ ਸ: ਗੁਰਤੇਸ਼ਵਰ ਸਿੰਘ ਮਜੀਠਾ ਆਪਣੇ ਸੈਂਕੜੇ ਸਾਥੀਆਂ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਇਥੇ ਅੰਮ੍ਰਿਤਸਰ ਵਿਖੇ ਹੋਈ ਕਾਂਗਰਸੀ ਰੈਲੀ ਦੌਰਾਨ ਕਾਂਗਰਸ ਪਾਰਟੀ ’ਚ ਸ਼ਾਮਿਲ ਹੋ ਗਏ। ਉਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪੰਚ ਪ੍ਰਧਾਨੀ ਦੇ ਪ੍ਰੀਜ਼ੀਡੀਅਮ ਮੈਂਬਰ ਸ: ਗੁਰਜਤਿੰਦਰਪਾਲ ਸਿੰਘ ਭਿੱਖੀਵਿੰਡ ਆਪਣੇ ਕਈ ਸਾਥੀਆਂ ਸਮੇਤ ਕਾਂਗਰਸ ਵਿੱਚ ਸ਼ਾਮਿਲ ਹੋ ਗਏ। ਇਸੇ ਤਰ੍ਹਾਂ ਨਗਰ ਨਿਗਮ ਦੇ ਦੋ ਆਜ਼ਾਦ ਕੌਂਸਲਰ ਸ੍ਰੀ ਸੁਰਿੰਦਰ ਚੌਧਰੀ ਅਤੇ ਸ੍ਰੀ ਲਖਨਪਾਲ ਛੇਹਰਟਾ ਵੀ ਕਾਂਗਰਸ ਵਿੱਚ ਸ਼ਾਮਿਲ ਹੋ ਗਏ ਹਨ। ਪੁਤਲੀਘਰ ਵਿਖੇ ਵਿਧਾਇਕ ਸ੍ਰੀ ਓ. ਪੀ. ਸੋਨੀ ਵੱਲੋਂ ਕਰਵਾਈ ਰੈਲੀ ਕਾਂਗਰਸ ਲਈ ਉਸ ਵੇਲੇ ਵਧੇਰੇ ਸਾਰਥਕ ਸਾਬਤ ਹੋਈ, ਜਦੋਂ ਕਈ ਗੈਰ ਕਾਂਗਰਸੀ ਆਗੂ ਕਾਂਗਰਸ ਵਿੱਚ ਸ਼ਾਮਿਲ ਹੋਏ। ਕਾਂਗਰਸ ਵਿੱਚ ਸ਼ਾਮਿਲ ਹੋਏ ਆਗੂਆਂ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਸ੍ਰੀ ਮਹਿੰਦਰ ਸਿੰਘ ਕੇ. ਪੀ., ਕੈਪਟਨ ਅਮਰਿੰਦਰ ਸਿੰਘ ਤੇ ਵਿਧਾਨ ਸਭਾ ’ਚ ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਜੀ ਆਇਆਂ ਕਿਹਾ।

## ਐਨ ਆਰ ਆਈ ਵਲੋਂ ਜਮ੍ਹਾਂ ਕਰਵਾਏ ਮਨੀਆਰਡਰ ਜਾਅਲੀ, ਉਡਾਰੀ ਮਾਰਨ ਤੋਂ ਪਹਿਲਾਂ ਗ੍ਰਿਫਤਾਰ

ਜਗਰਾਓਂ- ਬਹੁ-ਚਰਚਿਤ ਬੈਂਕ ਘੁਟਾਲੇ ਦੇ ਮਾਮਲੇ ਵਿੱਚ ਸਟੇਟ ਬੈਂਕ ਲੁਧਿਆਣਾ ਤੇ ਜਗਰਾਉਂ ਦੇ ਅਧਿਕਾਰੀਆਂ ਨਾਲ ਲੈਣ-ਦੇਣ ਕਰਨ ਵਾਲੇ ਲਾਗਲੇ ਪਿੰਡ ਕਮਾਲਪੁਰਾ ਦੇ ਐਨ ਆਰ ਆਈ ਹਰਵਿੰਦਰ ਸਿੰਘ ਵਿਰੁੱਧ ਪੁਲੀਸ ਵਲੋਂ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲੀਸ ਸੂਤਰਾਂ ਅਨੁਸਾਰ ਉਸ ਨੇ ਵੱਡੇ ਪੈਮਾਨੇ ’ਤੇ ਇੰਟਰਨੈਸ਼ਨਲ ਪੇ ਮਨੀ ਆਰਡਰ ਕੈਸ਼ ਹੋਣ ਲਈ ਜਮ੍ਹਾ ਕਰਵਾਏ ਸਨ, ਜੋ ਜਾਅਲੀ ਨਿਕਲੇ। ਉਸ ਸਣੇ 3 ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਉਹ ਵੀਜ਼ਾ ਲਵਾ ਕੇ ਵਿਦੇਸ਼ ਜਾਣ ਦੀ ਤਿਆਰੀ ਵਿੱਚ ਸੀ। ਪੁਲੀਸ ਵਲੋਂ ਅੰਬੈਂਸੀਆਂ ਨੂੰ ਦਿੱਤੀ ਗਈ ਸੂਚਨਾ ਦੇ ਆਧਾਰ ’ਤੇ ਹਰਵਿੰਦਰ ਸਿੰਘ ਨੂੰ ਕਾਬੂ ਕਰ ਲਿਆ ਤੇ ਇਥੇ ਪੁਲੀਸ ਨੂੰ ਸੂਚਿਤ ਕਰ ਦਿੱਤਾ, ਜਿਸ ’ਤੇ ਪੁਲੀਸ ਦਿੱਲੀ ਤੋਂ ਗ੍ਰਿਫਤਾਰ ਕਰ ਕੇ ਉਸ ਨੂੰ ਇਥੇ ਲੈ ਆਈ ਅਤੇ ਮਾਣਯੋਗ ਅਦਾਲਤ ਵਿੱਚ ਪੇਸ਼ ਕਰ ਕੇ ਇਸ ਦਾ 6 ਫਰਵਰੀ ਤੱਕ ਪੁਲੀਸ ਰਿਮਾਂਡ ਹਾਸਲ ਕੀਤਾ ਗਿਆ ਹੈ।

## ਐਨ ਆਰ ਆਈ ਦੀ ਪਤਨੀ 2 ਕਿਲੋ ਡੋਡਿਆਂ ਸਣੇ ਕਾਬੂ

ਜਲੰਧਰ- ਡੋਡਿਆਂ ਦੀ ਸਮੱਗਲਿੰਗ ਦੇ ਦੋਸ਼ ਵਿੱਚ ਪੁਲੀਸ ਨੇ ਇੱਕ ਔਰਤ ਨੂੰ ਕਾਬੂ ਕੀਤਾ ਹੈ। ਬੱਸ ਸਟੈਂਡ ਚੌਕੀ ਇੰਚਾਰਜ ਮਨਮੋਹਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇੱਕ ਔਰਤ ਡੋਡਿਆਂ ਦੀ ਸਮੱਗਲਿੰਗ ਕਰ ਰਹੀ ਹੈ, ਜਿਸ ’ਤੇ ਪੁਲੀਸ ਨੇ ਤੁਰੰਤ ਬੱਸ ਸਟੈਂਡ ਗੇਟ ਨੰਬਰ 2 ’ਤੇ ਨਾਕਾਬੰਦੀ ਕਰ ਦਿੱਤੀ ਅਤੇ ਇੱਕ ਔਰਤ ਜਿਸ ਨੇ ਹੱਥ ਵਿੱਚ ਲਿਫਾਫਾ ਫੜਿਆ ਹੋਇਆ ਸੀ, ਨੂੰ ਰੋਕਿਆ, ਜਿਸ ਦੀ ਤਲਾਸ਼ੀ ਲੈਣ ’ਤੇ ਉਸ ਦੇ ਲਿਫਾਫੇ ਵਿੱਚੋਂ 2 ਕਿਲੋ ਡੋਡੇ ਬਰਾਮਦ ਹੋਏ। ਫੜੀ ਗਈ ਔਰਤ ਦੀ ਪਛਾਣ ਮਾਇਆ ਪਤਨੀ ਸੋਮਨਾਥ ਵਾਸੀ ਪਿੰਡ ਚੰਨਣਪੁਰ ਲਾਂਬੜਾ ਦੇ ਰੂਪ ਵਿੱਚ ਹੋਈ।

ਔਰਤ ਨੇ ਪੁਲੀਸ ਨੂੰ ਦੱਸਿਆ ਕਿ ਉਸ ਦਾ ਪਤੀ ਵਿਦੇਸ਼ ਵਿੱਚ ਰਹਿੰਦਾ ਹੈ ਅਤੇ ਉਹ ਪਿੰਡ ਦੇ ਇੱਕ ਵਿਅਕਤੀ ਕੋਲੋਂ ਡੋਡੇ ਖਰੀਦ ਕੇ ਦੂਜੇ ਇਲਾਕੇ ਵਿੱਚ ਵੇਚਦੀ ਸੀ, ਜਿਸ ਖਿਲਾਫ ਪੁਲੀਸ ਨੇ ਧਾਰਾ 15-61-85 ਤਹਿਤ ਮਾਮਲਾ ਦਰਜ ਕਰ ਲਿਆ ਹੈ।